
# ਸੜਕਨਾਮਾ



ਬਲਦੇਵ ਸਿੰਘ

www.PunjabiLibrary.com

# ਸੜਕਨਾਮਾ

ਬਲਦੇਵ ਸਿੰਘ

ਆਰਸੀ ਪਬਲਿਸ਼ਰਜ਼

Scanned by CamScanner

# ਸੜਕਨਾਮਾ

ਰਾਤ ਦੇ ਲਗਭਗ ਦੋ ਵਜੇ ਹਨ। ਕਿਨਾਰੇ ਖੜ੍ਹੇ ਬੁੱਢੇ ਬ੍ਰਿਖ ਨੇ ਸ਼ੂਕਦੀ ਹਵਾ ਵਿਚ ਨੀਵਾਂ ਜਿਹਾ ਹੋ ਕੇ ਸੜਕ ਕੋਲੋਂ ਪੁੱਛਿਆ—'ਜਾਗਦੀ ਏਂ?'

—'ਜਾਗਦੀ ਹਾਂ, ਨੀਦ ਆਉਂਦੀ ਵੀ ਹੋਵੇ ਤਾਂ ਵੀ ਡਰ ਨਾਲ ਨਹੀ ਸੌਂਦੀ।'

—'ਭਲੇ ਵੇਲਿਆਂ ਵਿਚ ਤਾਂ ਤੂੰ ਰਾਤ ਰਾਤ ਭਰ ਸੁੱਤੀ ਰਹਿੰਦੀ ਸੈਂ, ਮੈਨੂੰ ਪਤਾ ਹੈ।' ਬ੍ਰਿਖ ਨੇ ਅਚੰਭੇ ਨਾਲ ਕਿਹਾ।

ਸੜਕ ਨੇ ਹਉਕਾ ਲਿਆ, ਜਿਵੇਂ ਕੁਝ ਯਾਦ ਆ ਗਿਆ ਹੋਵੇ। ਫਿਰ ਬੋਲੀ—'ਜਦੋਂ ਸੰਤਾਲੀ ਵੇਲੇ, ਉੱਜੜੇ ਕਾਫ਼ਲੇ ਏਧਰ ਆਏ ਸਨ, ਤੇ ਏਧਰੋਂ ਉੱਧਰ ਗਏ ਸਨ। ਉਦੋਂ ਕੋਈ ਮੇਰੀਆਂ ਅੱਖਾਂ ਦੀ ਨੀਂਦ ਹੀ ਕਤਲ ਕਰ ਗਿਆ। ਤੂੰ ਦੇਖੇ ਸਨ, ਵਿਲਕਦੇ ਬੱਚੇ, ਧਾਹਾਂ ਮਾਰਦੇ ਗੱਭਰੂ, ਰੁਲਦੀਆਂ ਮੁਟਿਆਰਾਂ, ਦੁਹੱਥੜੀ ਪਿਟਦੀਆਂ ਮਾਵਾਂ। ਥਾਂ-ਥਾਂ ਮੈਨੂੰ ਲਹੂ ਨਾਲ ਲਬੇੜਿਆ ਗਿਆ। ਉਦੋਂ ਸਾਰੇ ਆਦਮੀ ਕਈ ਕਾਲ ਪਿਛੇ ਚਲੇ ਗਏ ਸਨ, ਜਿਵੇਂ.....

ਬ੍ਰਿਖ ਨੂੰ ਗੁੰਮ ਸੁੰਮ ਜਿਹਾ ਖੜਾ ਵੇਖ ਕੇ ਸੜਕ ਨੇ ਪੁੱਛਿਆ—'ਸੁਣਦਾ ਐਂ...ਨਾ ਤੂੰ?'

ਤੇਜ਼ ਹਵਾ ਦਾ ਬੁੱਲਾ ਆਇਆ। ਦੂਰ ਲਹਿੰਦੇ ਵਿਚ ਕਾਲੀ ਘਟਾ ਲਿਸ਼ਕੀ—'ਸੁਣਦਾ ਹਾਂ, ਸੁਣਦਾ ਹਾਂ।' ਬ੍ਰਿਖ ਕਬਰਾਂ ਵਿਚੋਂ ਕਰਾਹਿਆ ਜਿਵੇਂ—'ਤੇਰੀਆਂ ਗੱਲਾਂ ਸੁਣ ਕੇ ਤਾਂ ਹੁੰਗਾਰਾ ਭਰਨ ਦੀ ਹਿੰਮਤ ਵੀ ਨਹੀਂ ਰਹੀ ਮੇਰੇ ਵਿਚ...'

—ਹਾਂ ਉਦੋਂ ਆਦਮੀ ਕਈ ਕਾਲ ਪਿਛੇ ਚਲੇ ਗਏ ਸਨ। ਸਿਰਾਂ ਤੇ ਸਿੰਗ ਉੱਗ ਆਏ ਸਨ। ਬਸ ਜਾਨਵਰ ਨਿਰੇ ਜਾਨਵਰ। ਜਾਨਵਰ ਵੀ ਉਹਨਾਂ ਨਾਲੋਂ ਕਿਤੇ ਚੰਗੇ ਹੁੰਦੇ ਹਨ....'

—ਕਾਸ਼ ਮੇਰੇ ਵੀ ਪੈਰ ਹੁੰਦੇ। ਇਕ ਥਾਂ ਖੜ੍ਹਾ ਖੜ੍ਹਾ ਮੈਂ ਕਿੰਨਾ ਕੁ ਦੇਖ ਸਕਦਾ! ਔਹ ਪੁਲੀ ਤੋਂ ਅੱਗੇ ਤਾਂ ਮੈਨੂੰ ਉਡਦੀ ਧੂੜ ਹੀ ਧੂੜ ਦਿੱਸਦੀ ਹੈ।—

—ਜਿਹੜੀ ਮੇਰੇ ਨਾਲ ਬੀਤਦੀ ਹੈ, ਮੈਨੂੰ ਹੀ ਪਤੈ। ਤੂੰ ਚੰਗਾ ਏਂ, ਅਰਾਮ ਤਾਂ ਕਰ ਸਕਦਾ ਏਂ। ਤੇ ਇਕ ਮੈਂ ਹਾਂ ਨਿਕਰਮੀ....ਇਧਰੋਂ ਉਧਰ ਸਾਰਾ ਦਿਨ ਪਾਗਲਾਂ ਵਾਂਗ ਨੱਠੀ ਫਿਰਦੀ ਹਾ ਤੇ ਰਾਤੀਂ ਡਰਦੀ ਅੱਖ ਵੀ ਨਹੀਂ ਲਾ ਸਕਦੀ...'

—ਕਿਉਂ ਭਲਾ—? ਤੂੰ ਮੇਰੇ ਮੁੱਢ ਨਾਲ ਲੱਗ ਕੇ ਸੌਂ ਜਾਇਆ ਕਰ! ਮੈਂ ਸਾਹ ਵੀ ਨਹੀਂ ਲਵਾਂਗਾ। ਹੌਲੀ ਹੌਲੀ ਤੈਨੂੰ ਲੋਰੀਆਂ ਸੁਣਾਵਾਂਗਾ'—ਬ੍ਰਿਖ ਝੁਕਿਆ, ਜਿਵੇਂ ਸਚਮੁੱਚ ਹੀ ਸੜਕ ਨੂੰ ਪੁਚਕਾਰ ਰਿਹਾ ਹੋਵੇ।

—ਪਰ ਮੈਂ ਸੌਂ ਕਿਵੇਂ ਸਕਦੀ ਹਾਂ?' ਸੜਕ ਨੇ ਸੀਸਾ ਕੀਤਾ।

—ਕਿਉਂ?' ਹੈਰਾਨ ਹੋਇਆ ਬ੍ਰਿਖ ਫੇਰ ਝੁਕਣ ਲੱਗਾ ਤਾਂ ਸੜਕ ਨੇ ਰੋਕ ਦਿੱਤਾ।

—ਨਾ, -ਨਾ, -ਨਾ-ਐਨਾ ਦੁੱਖੀ ਨਾ ਹੋ! ਦੇਖ ਨਾ, ਪਿਛਲੇ ਮਹੀਨੇ ਇਕ ਦਿਨ ਅੱਖ ਲੱਗ ਗਈ, ਤੇ ਔਹ ਪਰ੍ਹੇ ਜਿਥੇ ਪੁਲੀ ਹੈ ਨਾ—ਉਥੇ ਇਕ ਟਰੱਕ ਉਲਟ ਗਿਆ। ਗੱਭਰੂ



Scanned by CamScanner

ਡਰਾਈਵਰ ਥਾਏਂ ਹੀ ਮਾਰਿਆ ਗਿਆ। ਸਾਰੀ ਰਾਤ ਮੈਂ ਉਸ ਦੇ ਸਿਰਹਾਣੇ ਪਹਿਰਾ ਦਿੰਦੀ ਰੋਂਦੀ ਰਹੀ। ਐਨਾ ਤਾਂ ਉਸ ਦੀ ਸੱਜ ਵਿਆਹੀ ਮੁਟਿਆਰ ਵੀ ਨਹੀ ਰੋਈ ਹੋਵੇਗੀ।'

—ਹਾਂ, ਜਦੋਂ ਭਿਆਨਕ ਖੜਕਾ ਹੋਇਆ ਸੀ, ਮੈਂ ਵੀ ਉੱਠ ਬੈਠਾ ਸਾਂ ਤੇ ਸਾਰੇ ਪੰਛੀ ਵੀ ਜਾਗ ਪਏ ਸਨ।'—ਬ੍ਰਿਖ ਨੇ ਚੇਤਾ ਕੀਤਾ।

—ਤੇ ਇਕ ਵਾਰ ਫਿਰ ਮੇਰੀ ਅੱਖ ਲੱਗ ਗਈ। ਮੋਟਰ ਸਾਈਕਲ ਤੇ ਗੱਭਰੂ ਆਏ ਤੇ ਔਹ ਪਰ੍ਹਾਂ ਜਿਥੇ ਮੀਲ-ਪੱਥਰ ਗੱਡਿਆ ਹੈ, ਉਥੇ ਦੇਰ ਨਾਲ ਆਉਂਦੇ ਇਕ ਰਾਹੀ ਨੂੰ ਪਹਿਲਾਂ ਲੁੱਟਿਆ ਤੇ ਫਿਰ ਮੇਰੇ ਰੋਂਦਿਆਂ ਕੁਰਲਾਉਂਦਿਆਂ ਉਸ ਨੂੰ ਕਤਲ ਕਰ ਗਏ।....ਮੈਂ ਨਿਮਾਣੀ ਫੇਰ ਵੀ ਕੁਝ ਨਾ ਕਰ ਸਕੀ.....'

ਬ੍ਰਿਖ ਤੇਜ਼ ਹਵਾ ਵਿਚ ਸ਼ੂਕਿਆ, ਜਿਵੇਂ ਆਖ ਰਿਹਾ ਹੋਵੇ—'ਮੈਨੂੰ ਉਸ ਰਾਤ ਪਤਾ ਨਹੀ ਲਗਿਆ।'

—ਤੇ ਉਸ ਰਾਤ ਤਾਂ ਹੱਦ ਹੀ ਹੋ ਗਈ....ਪਤਾ ਨਹੀ ਮੇਰਾ ਜਿਸਮ ਵਲ ਨਹੀ ਸੀ। ਪੁਰੇ ਦੀ ਹਵਾ ਨਾਲ ਮੇਰੀਆਂ ਸੱਟਾਂ ਦਰਦ ਪਈਆਂ ਕਰਦੀਆਂ ਸਨ। ਮੈਂ ਉਂਘਲਾ ਰਹੀ ਸਾਂ....ਜਦੋਂ ਉਹਨਾਂ ਇਕ ਬੱਸ ਰੋਕੀ। ਉਸ ਵਿਚੋਂ ਅੱਠਾਂ ਆਦਮੀਆਂ ਨੂੰ ਬਾਹਰ ਧੂ ਲਿਆ....ਤੇ ਇਕ ਇਕ ਕਰਕੇ ਉਹਨਾਂ ਅੱਠਾਂ ਦਿਆਂ ਅੱਠਾਂ ਨੂੰ ਗੋਲੀਆਂ ਮਾਰੀਆਂ। ਉਦੋਂ ਮੈਂ ਤ੍ਰਬਕੀ.....ਪਰ ਭਾਣਾ ਤੇ ਵਰਤ ਗਿਆ ਸੀ। ਮੈਨੂੰ ਇਕ ਵਾਰ ਫੇਰ ਸੰਨ ਸੰਤਾਲੀ ਚੇਤੇ ਆਇਆ, ਮੈਂ ਬਹੁਤ ਡਰ ਗਈ...ਉਸ ਦਿਨ ਤੋਂ ਮੈਨੂੰ ਆਪਣੇ ਆਪ ਤੇ ਬੜੀ ਸ਼ਰਮ ਔਂਦੀ ਹੈ, ਜਿਵੇਂ ਇਹ ਸਾਰੇ ਕਤਲ, ਸਾਰੀਆਂ ਘਟਨਾਵਾਂ ਮੈਂ ਹੀ ਕਰਵਾਂਦੀ ਹੋਵਾਂ....ਡੁੱਬ ਮਰਨ ਨੂੰ ਜੀਅ ਕਰਦਾ ਹੈ....।'

ਬ੍ਰਿਖ ਕੁਝ ਨਹੀਂ ਬੋਲ ਸਕਿਆ। ਸ਼ੂਕਦਾ ਰਿਹਾ।

ਕੁਝ ਚਿਰ ਸੜਕ ਚੁੱਪ ਰਹੀ ਤੇ ਫਿਰ ਜਿਵੇਂ ਕੁਝ ਯਾਦ ਆ ਗਿਆ ਹੋਵੇ, ਹੌਸਲੇ ਨਾਲ ਬੋਲੀ—'ਵੇ ਤੈਨੂੰ ਪਤੈ, ਉਸ ਦਿਨ ਦਾ—?'

ਬ੍ਰਿਖ ਉਵੇਂ ਸ਼ੂਕਦਾ ਰਿਹਾ।

—ਆਥਣ ਦਾ ਵੇਲਾ ਸੀ। ਸੂਰਜ ਡੁੱਬ ਗਿਆ। ਪੰਛੀ ਆਪਣੇ ਆਲ੍ਹਣਿਆਂ ਵਿਚ ਪਰਤ ਰਹੇ ਸਨ। ਪਤਾ ਨਹੀ, ਕਿਥੋਂ ਦੋ ਬਾਜ਼ ਇਕ ਘੁੱਗੀ ਫੜ੍ਹ ਲਿਆਏ, ਤੇ ਓਹਨਾਂ ਸਾਹਮਣੀਆਂ ਝਾੜੀਆਂ ਉਹਲੇ ਹੋ ਗਏ....ਘੁੱਗੀ ਸਮਝਦਾ ਏਂ ਨਾਂ....?'

ਬ੍ਰਿਖ ਸ਼ੂਕਦਾ ਰਿਹਾ।

—ਵੇ ਇਕ ਕੁੜੀ ਮਾਸੂਮ ਜਿਹੀ। ਕੁੜੀ ਕੁਰਲਾਵੇ। ਮੈਂ ਜਾਗਦੀ ਸਾਂ ਉਦੋਂ....ਤੇ ਜਦੋਂ ਮੈਂ ਜਾਗਦੀ ਹੋਵਾਂ, ਕੋਈ ਕੁਕਰਮ ਥੋੜ੍ਹਾ ਹੀ ਹੋਣ ਦਿਆਂਗੀ...ਜਦੋਂ ਕੋਈ ਟਰੱਕ ਲੰਘੇ, ਗੱਡੀ ਲੰਘੇ, ਉਹ ਮੋਏ ਸ਼ਹਿ ਜਾਣ। ਜਦੋਂ ਸੁੰਨਸਾਨ ਹੋਵੇ, ਫੇਰ ਸ਼ੇਰ ਬਣ ਜਾਣ। ਭੱਜ ਜਾਣ ਲਈ ਕੁੜੀ ਤਰਲੋ ਮੱਛੀ ਹੋਵੇ.....ਪਰ ਉਹ ਡਾਢੇ ਤੇ ਮੈਂ ਬੇਬਸ...ਮੇਰੀ ਕੋਈ ਪੇਸ਼ ਨਾ ਜਾਵੇ, ਤੇ ਫੇਰ ਅੜਿਆ, ਰੱਬ ਨੇ ਮੇਰੀ ਸੁਣ ਲਈ, ਮੈਨੂੰ ਚੇਤਾ ਆ ਗਿਆ, ਆਪਣੇ ਸਿਪਾਹੀਆਂ, ਆਪਣੇ ਪੁੱਤਰਾਂ ਦਾ—, ਅਜਿਹੇ ਮੌਕੇ ਉਹ ਖੂਬ ਕੰਮ ਦਿੰਦੇ ਨੇ....ਮੈਂ ਨੱਠੀ ਤੇ ਜਾ ਸੁਨੇਹਾ ਦਿੱਤਾ....ਕੋਈ ਚਾਹ ਪੀਂਦਾ ਪਿਆ ਸੀ, ਕੋਈ ਤਾਸ਼ ਖੇਡਦਾ ਸੀ, ਕੋਈ ਖਰਮਸਤੀਆਂ ਕਰ ਰਿਹਾ ਸੀ—ਸਭ ਆਪਣੀਆਂ ਆਪਣੀਆਂ ਗੱਡੀਆਂ ਲੈ ਕੇ ਦੌੜੇ। ਇਕ ਦੇ ਕੰਨ ਵਿਚ ਮੈਂ ਜ਼ਰਾ ਕੁ ਕਿਹਾ—ਏਥੇ ਰੁਕ ਜਾਈਂ—ਉਹ ਛੈਲਾ ਉਤਰਿਆ, ਚਾਦਰਾ ਝਾੜਿਆ ਤੇ ਝਾੜੀਆਂ ਵੱਲ ਹੋ ਤੁਰਿਆ—ਫੇਰ ਤਾਂ, ਟਰੱਕਾਂ ਦੀਆਂ ਲਾਮਾਂ ਰੁਕ ਗਈਆਂ ਜਿਵੇਂ, ਤੇ ਉਹਨਾਂ ਦੋਹਾਂ

Scanned by CamScanner

ਕੁੱਤਿਆਂ ਨੂੰ ਕੁੱਟ ਕੁੱਟ ਕੇ ਅਧਮੋਇਆ ਕਰ ਦਿੱਤਾ। ਕੁੜੀ ਮੇਰੇ ਗਲ ਲੱਗ ਕੇ ਰੋਈ, ਜਿਵੇਂ ਮੇਰੀ ਧੀ ਹੋਵੇ। ਮੇਰੀਆਂ ਵੀ ਮੋਹ 'ਨਾਲ ਅੱਖਾਂ ਭਰ ਆਈਆਂ, ਮੈਂ ਆਪਣੇ ਪੁੱਤਰਾਂ ਵੱਲ ਮਾਣ ਨਾਲ ਵੇਖਿਆ ਤੇ ਉਹਨਾਂ ਦੇ ਸਿਰਾਂ ਤੇ ਹੱਥ ਰੱਖ ਕੇ ਆਖਿਆ....ਮੈਨੂੰ ਸੌਣ ਨਹੀ ਦੇਣਾ ਮੇਰੇ ਬੱਚਿਓ.....ਮੈਂ ਜਦੋਂ ਸੌਂਦੀ ਹਾਂ, ਕੁਝ ਨਾ ਕੁਝ ਜ਼ਰੂਰ ਬੁਰਾ ਹੁੰਦਾ ਹੈ...ਜੁਗ ਜੁਗ ਜੀਓ ਜਿਊਣ ਜੋਗਿਓ....ਤੇ ਉਹ ਸਾਰੇ ਇਕ ਇਕ ਕਰਕੇ ਚਲੇ ਗਏ, ਜਿਵੇਂ ਮੇਰੇ ਪੈਰ ਛੋਹਦੇ ਜਾ ਰਹੇ ਹੋਣ—ਸੜਕ ਚੁੱਪ ਕਰ ਗਈ ਤੇ ਹੈਰਾਨੀ ਨਾਲ ਬ੍ਰਿਖ ਵੱਲ ਵੇਖਣ ਲੱਗੀ—'ਵੇ ਸੌਂ ਗਿਆ—? ਬੋਲਦਾ ਨਈ—?'

ਇਸ ਵਾਰ ਬ੍ਰਿਖ ਸੂਕਿਆ ਵੀ ਨਹੀਂ।

—ਵੇ ਜਾ ਵੇ..... !' ਸੜਕ ਨੇ ਵਿਐਗ ਨਾਲ ਝੋਰਾ ਕੀਤਾ ਤੇ ਫਿਰ ਜਿਵੇਂ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ—'ਤੂੰ ਤਾਂ ਸੌਂ ਗਿਐਂ? ਮੈਂ ਸੌਂ ਵੀ ਕਿਵੇਂ ਸਕਦੀ ਹਾਂ...ਕੋਈ ਵੀ ਮਾਂ ਕਿਵੇਂ ਸੌਂ ਸਕਦੀ ਐ ਭਲਾ? ਜਿਸ ਨੂੰ ਪਤਾ ਹੋਵੇ ਕਿ, ਉਸ ਦੀਆਂ ਅੱਖਾਂ ਦੀ ਨੀਂਦ, ਉਸ ਦੇ ਪੁੱਤਰਾਂ ਲਈ ਮੌਤ ਦਾ ਸੁਨੇਹਾ ਲੈ ਕੇ ਆਏਗੀ...'

ਤੇ ਸੜਕ ਖੁੱਲ੍ਹੀਆਂ ਅੱਖਾਂ ਨਾਲ ਦੂਰੋਂ ਆਉਂਦੇ ਇਕ ਟਰੱਕ ਨੂੰ ਨੀਝ ਨਾਲ ਵੇਖਣ ਲੱਗ ਪਈ....

Scanned by CamScanner

# ਵਿਸ਼ਨੂੰ ਦਾ ਸਰਾਪ

ਮੇਰੇ ਕੁਝ ਦੋਸਤਾਂ ਅਤੇ ਪਾਠਕਾਂ ਨੂੰ ਇਤਰਾਜ਼ ਹੈ, ਕਿ ਮੈਂ ਆਪਣੇ ਭਾਈਚਾਰੇ ਬਾਰੇ, ਭਾਵ ਡਰਾਈਵਰਾਂ ਅਤੇ ਟਰਾਂਸਪੋਰਟ ਆਪਰੇਟਰਾਂ ਬਾਰੇ ਲੋੜੋਂ ਵੱਧ ਹਮਦਰਦੀ, ਅਤੇ ਇਕ ਪੱਖੀ ਰਵੱਈਆ ਅਖ਼ਤਿਆਰ ਕੀਤਾ ਹੋਇਆ ਹੈ। ਲੰਮੇ ਸਮੇਂ ਤੋਂ ਉਹਨਾਂ ਬਾਰੇ ਲਿਖਦਿਆਂ ਅਤੇ ਡਰਾਈਵਰਾਂ ਦੇ ਮਨਾਂ ਅੰਦਰਲੀ ਝਾਤ ਪਾਠਕਾਂ ਨੂੰ ਦਰਸਾਉਂਦਿਆਂ ਜੇ ਅਜੇ ਵੀ ਡਰਾਈਵਰਾਂ ਬਾਰੇ ਬਣੀ ਪੁਰਾਣੀ ਧਾਰਨਾ ਵਿਚ ਤ੍ਰੇੜ ਨਹੀ ਆਈ, ਤਾਂ ਮੈਂ ਸਮਝਦਾ ਹਾਂ, ਸ਼ਾਇਦ ਮੈਥੋਂ ਹੀ ਕਿਤੇ ਉਕਤਾਈ ਰਹਿ ਗਈ ਹੈ। ਜਾਂ ਮੇਰੀ ਲਿਖਤ ਦੇ ਸੱਚ ਨੂੰ ਉਹਨਾਂ ਨਹੀ ਕਬੂਲਿਆ।

ਕੁਝ ਘਟਨਾਵਾਂ ਦਾ ਹੂ-ਬਹੂ ਵੇਰਵਾ ਦੇ ਰਿਹਾ ਹਾਂ। ਫੈਸਲਾ ਪਾਠਕਾਂ ਨੇ ਆਪ ਕਰਨਾ ਹੈ।

ਸਾਡੇ ਸ਼ਹਿਰ ਵਿਚ ਇਕ ਸਾਧ ਆਮ ਵੇਖੀਦਾ ਹੈ। ਹੱਥ ਵਿਚ ਤ੍ਰਿਸੂਲ, ਤ੍ਰਿਸੂਲ ਦੇ ਉਪਰ ਬੰਨ੍ਹੀ ਹੋਈ ਡੁੱਗਡੁਗੀ, ਡੁੱਗਡੁਗੀ ਨੂੰ ਵਲ੍ਹੇਟਿਆ ਹੋਇਆ ਇਕ ਨਕਲੀ ਸੱਪ। ਸਿਰ ਉਪਰ ਜੂੜਾ, ਜੂੜੇ ਦੁਆਲੇ ਫੁੱਲਾਂ ਦੀ ਮਾਲਾ। ਕਦੇ ਜ਼ਿਆਦਾ ਮਸਤੀ ਆਈ, ਤਾਂ ਵਿਭੂਤੀ ਮਲ ਲਈ, ਨਹੀ ਤਾਂ ਉਂਜ ਹੀ, ਅੱਖਾਂ ਸਦਾ ਲਾਲ। ਗਲ ਵਿਚ ਮਾਲਾ, ਤੇੜ ਮ੍ਰਿਗ-ਛਾਲਾ ਨਾਲ ਮਿਲਦੀ ਜੁਲਦੀ ਮੈਲੀ ਜਿਹੀ ਤੇ ਲੰਡੀ ਜਿਹੀ ਤਹਿਮਤ, ਪੈਰੋਂ ਨੰਗਾ। ਦੇਖਣ ਵਾਲੇ ਨੂੰ ਸ਼ਿਵ ਦਾ ਰੂਪ ਦਿਖਦਾ ਹੈ। ਉਸਦੀ ਪੋਟਲੀ ਵਿਚ ਇਕ ਫੋਟੋ ਵੀ ਹੈ, ਜਿਸ ਵਿਚ ਭੋਲੇ ਨਾਥ ਗਊ ਦੀ ਸਵਾਰੀ ਕਰ ਰਹੇ ਹਨ।

ਇਹ ਸਾਧ, ਤੁਹਾਨੂੰ ਸਵੇਰੇ ਮਿਲ ਪਏ, ਦੁਪਹਿਰੇ ਜਾਂ ਸ਼ਾਮ ਨੂੰ। ਪੂਰੇ ਨਸ਼ੇ ਵਿਚ ਹੁੰਦਾ ਹੈ। ਭੰਗ ਦੇ ਨਸ਼ੇ ਵਿਚ ਨਹੀ—(ਕਿਉਂਕਿ ਭੰਗ, ਸਾਧਾਂ ਸੰਤਾਂ ਲਈ ਮਨਜ਼ੂਰ ਸ਼ੁਦਾ ਨਸ਼ਾ ਹੈ) ਸ਼ਰਾਬ ਦੇ ਨਸ਼ੇ ਵਿਚ। ਕਈ ਵਾਰੀ ਤਾਂ ਉਹ ਸ਼ਰੇ-ਆਮ ਪਊਏ ਜਾਂ ਬੋਤਲ ਨੂੰ ਮੂੰਹ ਲਾ ਕੇ ਪੀ ਰਿਹਾ ਹੁੰਦਾ ਹੈ। ਉਹ ਜਿਥੇ ਵੀ ਬਹਿ ਜਾਂਦਾ ਹੈ, ਲੋਕ ਉਸ ਦੁਆਲੇ ਜੁੜਣੇ ਸ਼ੁਰੂ ਹੋ ਜਾਂਦੇ ਹਨ। ਰੇੜ੍ਹੀਆਂ ਵਾਲੇ, ਰਿਕਸ਼ਿਆਂ ਵਾਲੇ, ਕਦੇ ਕਦੇ ਚੰਗੇ ਦੁਕਾਨਦਾਰ ਵੀ, ਆ ਜੁੜਦੇ ਹਨ। ਲੋਕ ਉਸਨੂੰ ਛੇੜਦੇ ਹਨ, ਆਨੀ-ਬਹਾਨੀ ਮੁੱਠੀ-ਚਾਪੀ ਕਰਦੇ ਹਨ, ਤੇ ਉਹ ਮਸਤਿਆ, ਹਰ ਇਕ ਨੂੰ ਗਾਲ੍ਹਾਂ ਕੱਢ ਰਿਹਾ ਹੁੰਦਾ ਹੈ, ਅਜਿਹੀਆਂ ਗਾਲ੍ਹਾਂ ਜਿਹੜੀਆਂ ਸ਼ਰੀਫ਼ ਘਰਾਂ 'ਚ ਨਹੀ ਸੁਣੀਆਂ ਜਾ ਸਕਦੀਆਂ—ਜਾਂ ਕਈ ਵਾਰ ਦੂਸਰੇ ਦਾ ਸਿਰ ਵੀ ਪੜਵਾ ਦਿੰਦੀਆਂ ਹਨ। ਪਰ ਲੋਕ ਹੱਸ ਰਹੇ ਹਨ। ਉਸ ਦੀਆਂ ਗਾਲ੍ਹਾਂ ਤੋਂ 'ਸੱਟੇ' ਦੇ ਨੰਬਰਾਂ ਦਾ ਅੰਦਾਜ਼ਾ ਲਗਾ ਰਹੇ ਹਨ। 'ਅੱਖਰ' ਬਣਾ ਰਹੇ ਹਨ। ਚਾਰ ਗਾਲ੍ਹਾਂ ਤਾਂ 'ਚੌਕਾ', ਛੇ ਕੱਢੀਆਂ ਤਾਂ 'ਛਿੱਕਾ'......।

ਇਕ ਦਿਨ ਤਾਂ ਸ਼ਰਾਬੀ ਹੋਇਆ ਉਹ ਇਨਾ ਚਾਮ੍ਹਲ ਗਿਆ ਸ਼ਾਇਦ ਹੋਲੀ ਦਾ ਦਿਨ ਸੀ। ਉਥੇ ਫਿਰਦੀ ਇਕ ਨੀਮ-ਪਾਗਲ ਔਰਤ ਨੂੰ ਵੀ ਉਸਨੇ ਸ਼ਰਾਬ ਪਿਆ ਦਿੱਤੀ



Scanned by CamScanner

ਤੇ ਦੇਵੇ ਚੋਜ ਕਰਨ ਲੱਗੇ।

—ਇਧਰੋਂ ਸਾਧ ਆਪਣੀ ਜੀਭ ਬਾਹਰ ਕੱਢੇ, ਉਧਰੋਂ ਪਾਗਲ ਔਰਤ ਆਪਣੀ ਜੀਭ ਬਾਹਰ ਕੱਢੇ ਤੇ ਫਿਰ ਦੋਨੋਂ ਜੀਭ ਨਾਲ ਜੀਭ ਮਿਲਾਉਣ ਲੱਗੇ।.....'ਫੱਕਰਾਂ ਦੇ ਮਨ ਦੀ ਮੌਜ' ਆਖ ਕੇ ਲੋਕ ਤਾੜੀਆਂ ਮਾਰ ਰੇ ਹੱਸੀ ਵੀ ਜਾਣ ਤੇ ਸ਼ਰਮਿੰਦੇ ਵੀ ਹੋਈ ਜਾਣ...

ਇਕ ਡਰਾਈਵਰ, ਪੰਜਾਬ ਤੋਂ ਜਾਂ ਕਿਤੋਂ ਵੀ ਟਰੱਕ ਲੋਡ ਕਰ ਰਿਹਾ ਹੈ। ਉਸਨੇ ਬੰਬਈ, ਉੜੀਸਾ, ਜਾਂ ਆਸਾਮ ਪਹੁੰਚਣਾ ਹੈ। ਯੂਨੀਅਨ ਵਿਚ'ਪੁਕਾਰ' ਹੋਣ ਮਗਰੋਂ ਹੀ ਉਹ ਆਪਣੇ-ਆਪ ਨੂੰ ਬੰਬਈ ਜਾਂ ਆਸਾਮ ਪਹੁੰਚਿਆ ਮਹਿਸੂਸ ਕਰਦਾ ਹੈ। ਗੱਡੀ ਲੋਡ ਕਰ ਰਿਹਾ, ਬਿਲਟੀ ਕਟਵਾ ਰਿਹਾ, ਘਰੋਂ ਜਾ ਕੇ ਆਪਣੇ ਕਪੜੇ ਆਦਿ ਲੈ ਰਿਹਾ, ਬੱਚਿਆਂ ਦੀਆਂ ਫਰਮਾਇਸ਼ਾਂ ਸੁਣ ਰਿਹਾ, ਘਰ ਵਾਲੀ ਦੀਆਂ ਉਦਰੀਆਂ ਅੱਖਾਂ ਵਿਚ ਝਾਕ ਰਿਹਾ,.....ਉਹ ਬੰਬਈ ਜਾਂ ਆਸਾਮ ਵਿਚ ਹੀ ਫਿਰਦਾ ਹੁੰਦਾ ਹੈ। ਉਸਦੀ ਬਿਰਤੀ ਆਪਣੀ ਮੰਜ਼ਿਲ ਨਾਲ ਇਕ ਸੁਰ ਹੋ ਜਾਂਦੀ ਹੈ। ਮਾਲ ਉਤਾਰਨਾ ਹੈ, ਸਹੀ ਸਲਾਮਤ ਪਹੁੰਚਾਣਾ ਹੈ। ਰਾਹ ਵਿਚ, ਕਿੰਨੇ ਬੈਰੀਅਰ, ਕਿੰਨੇ ਪੁਲ, ਕਿੰਨੇ ਦਰੱਖਤ, ਕਿੰਨੇ ਹਾਦਸਿਆਂ ਨਾਲ ਉਸਦਾ ਵਾਹ ਪੈਂਦਾ ਹੈ। ਕਿਸੇ ਨੂੰ ਉੱਚਾ, ਕਿਸੇ ਨੂੰ ਨੀਵਾਂ ਬੋਲਦਾ, ਰਾਤਾਂ ਝਾਗਦਾ, ਉਹ ਠੀਕ ਆਪਣੀ ਮੰਜ਼ਿਲ ਤੇ ਜਾ ਪੁਜਦਾ ਹੈ। ਮਾਲ ਸੁਰੱਖਿਅਤ, ਜਿਵੇਂ ਮਾਂ ਆਪਣੇ ਬੱਚੇ ਨੂੰ ਕਿਸੇ ਵੀ ਬਾਹਰ ਦੀ ਬਲਾ ਤੋਂ ਬਚਾ ਕੇ ਰਖਦੀ ਹੈ। ਇਸ ਦੀ ਕੀ ਗਰੰਟੀ ਹੈ—ਕਿ ਰਾਹ ਵਿਚ ਕੋਈ ਹੇਰਾ ਫੇਰੀ ਨਹੀ ਪਵੇਗਾ? ਕੋਈ ਦੁਰਘਟਨਾ ਨਹੀ ਹੋਵੇਗੀ? ਕਦੇ ਗੱਡੀ ਖਰਾਬ ਨਹੀ ਹੋਵੇਗੀ.... ?

ਮੰਜ਼ਿਲ ਤੇ ਪਹੁੰਚਣ ਦੀ ਖੁਸ਼ੀ। ਸਹੀ ਸਲਾਮਤ ਭਾੜਾ ਮਿਲਣ ਦਾ ਚਾਅ। ਉਹ ਠੇਕੇ ਨੂੰ ਵਗ ਤੁਰਦਾ ਹੈ। ਪਹੁੰਚਿਆ, ਅਪਿਆ ਪੀਦਾ ਹੈ, ਰੱਜ ਕੇ ਜਿਊਣਾ ਚਾਹੁੰਦਾ ਕਦੇ ਖਰਮਸਤੀ ਵੀ ਕਰਨ ਲਗਦਾ ਹੈ। ਸਾਊ ਅਖਵਾਉਂਦੇ ਲੋਕ ਉਸ ਕੋਲੋਂ ਕੰਨੀ ਕਤਰਾ ਕੇ ਲੰਘਦੇ ਹਨ। ਜਿਵੇਂ ਸ਼ਰਾਬੀ ਡਰਾਈਵਰ ਆਦਮੀ ਨਹੀ ਕੋਈ ਸਾਨ੍ਹ ਹੋਵੇ।....

ਕਿਸ ਦੀ ਭਗਤੀ ਸੱਚੀ ਹੈ? ਉਸ ਸਾਧ ਦੀ? ਜਿਹੜਾ ਸ਼ਰਾਬੀ ਹੋਇਆ, ਕੰਜਰਪੁਣੇ ਦੀ ਹੱਦ ਤੱਕ ਜਾਂਦਾ ਹੈ।.....ਇਸ ਡਰਾਈਵਰ ਦੀ? ਜਿਹੜਾ, ਸਭ ਡੋਰੀਆਂ ਰੱਬ ਆਸਰੇ ਛੱਡ ਦਿੰਦਾ ਹੈ......ਆਪਣੀ ਮੰਜ਼ਿਲ ਤੇ ਪਹੁੰਚ ਕੇ, ਘੁੱਟ ਪੀ ਕੇ ਬੇਫ਼ਿਕਰ ਹੋ ਜਾਂਦਾ ਹੈ.... 'ਚਲੋ ਜਿਵੇਂ ਪਹੁੰਚ-ਗੇ, ਉਵੇਂ ਮੁੜ ਵੀ ਪਵਾਂਗੇ....।'

ਰਾਮ ਗਊਆਂ ਦੇ ਝੁੰਡ ਵਿਚ ਕੋਈ ਨਾ ਕੋਈ ਢੱਟਾ ਤਾਂ ਹੁੰਦਾ ਹੀ ਹੈ। ਪਰ ਇਹ ਭੁਲਣਾ ਨਹੀ ਚਾਹੀਦਾ, ਰਾਮ ਗਊਆਂ ਦੀ ਕਦਰ ਹੀ ਤਾਂ ਹੈ, ਜੇ ਉਹਨਾਂ ਵਿਚ ਕੋਈ ਢੱਟਾ ਹੈ।

ਕੁਝ ਦਿਨ ਹੋਏ, ਮੈ ਇਕ ਬਰਾਤ ਲੈ ਕੇ ਗਿਆ। ਬਰਾਤ-ਘਰ ਇਕ ਸਾਧ ਇਸ ਲਾਲਚ ਨਾਲ ਆਇਆ, ਸ਼ਾਇਦ ਲਾੜੇ ਦੇ ਪਿਉ ਤੋਂ ਕੁਝ ਜ਼ਿਆਦਾ ਦਾਨ ਮਿਲ ਜਾਵੇ। ਸਾਧ ਦੇ ਬੋਲਣ ਢੰਗ ਤੇ ਹਰਕਤਾਂ ਤੋਂ ਜਾਪਿਆ ਉਹ 'ਪਹੁੰਚਿਆ ਹੋਇਆ ਸੰਤ ਹੈ।' ਮੈ ਸੁਭਾਵਕ ਹੀ ਕਿਹਾ 'ਬਾਬਾ ਜੇ ਇੰਨੀ ਭਗਤੀ ਕੀਤੀ ਹੈ, ਤਾਂ ਫਿਰ ਇਕ ਥਾਂ ਬਹਿ ਕੇ ਕਿਉਂ ਨੀ ਖਾਂਦਾ?

—'ਭਗਤਾ, ਅਸੀ ਤਾਂ ਰਮਤੇ ਆਂ, ਐਂਜ ਕਿਤੇ ਕੌਂਢ੍ਹ ਕਿਤੇ—।' ਸਾਧ ਨੇ ਆਪਣੀ ਬੋਲੀ ਵਿਚ ਕਿਹਾ।



Scanned by CamScanner

—ਰਮਤੇ ਤਾਂ ਅਸੀਂ ਵੀ ਆਂ ਬਾਬਾ। 'ਸਾਡਾ ਵੀ ਕੋਈ ਟਿਕਾਣਾ ਨਹੀਂ' ਮੇਰੇ ਕਹੇ ਤੇ ਸਾਧ ਕੁਝ ਕੁਝ ਕ੍ਰੋਧਿਤ ਹੋਇਆ।—'ਸਾਧਾਂ ਨਾਲ ਤਕਰਾਰ ਨਹੀਂ ਕਰੀਦਾ ਬੱਚਾ। ਸਾਧ ਕੀ ਛਿੰਦਿਆਂ ਘੋਰ ਪਾਪ ਹੈ—ਨਾਲੇ ਥੋਨੂੰ ਤਾਂ ਸਰਾਪ ਮਿਲਿਆ ਹੋਇਐ...।'

—'ਸਰਾਪ—?' ਮੈਂ ਹੈਰਾਨ ਹੋ ਕੇ ਪੁੱਛਿਆ। ਮੇਰੇ ਵਾਸਤੇ ਨਵੀਂ ਗੱਲ ਸੀ ਇਹ।....'ਬੈਠ ਬਾਬਾ ਕੁਝ ਦੱਸ ਏਹਦੇ ਬਾਰੇ.....ਕੀ ਪਾਪ ਕਰ ਬੈਠੇ ਅਸੀਂ.....?' ਮੈਂ ਨਿਮਰ ਜਿਹਾ ਬਣ ਕੇ ਕਿਹਾ ਤੇ ਉਸਨੂੰ ਬਿਠਾ ਲਿਆ।.....

ਪਲ ਕੁ ਉਹ ਅੰਤਰ ਧਿਆਨ ਹੋਏ, ਫਿਰ ਬੋਲੇ—'ਤ੍ਰੇਤਾ, ਵਿਸਨੂੰ ਮਹਾਰਾਜ ਨੂੰ ਪਤਾ ਨਹੀਂ ਕੀ ਸੁੱਝਿਆ। ਉਸਨੇ ਚਾਹਿਆ, ਸੰਸਾਰ ਦਾ ਚੱਕਰ ਲਾਇਆ ਜਾਏ,—ਤੇ ਲੋਕਾਂ ਨੂੰ ਮਿਲਿਆ ਜਾਏ। ਉਹਨਾਂ ਨੂੰ ਪੁਛਿਆ ਜਾਏ, ਉਹ ਕੀ ਕਰਨਾ ਚਾਹੁੰਦੇ ਨੇ ਤੇ ਉਹਨਾਂ ਦੀ ਮਰਜ਼ੀ ਦਾ ਕੰਮ ਕਰਨ ਦਾ ਅਸ਼ੀਰਵਾਦ ਦਿੱਤਾ ਜਾਏ.... ਇਹ ਧਾਰਨਾ ਲੈ ਕੇ ਉਹ ਪ੍ਰਿਥਵੀ ਤੇ ਆਣ ਪਧਾਰੇ....' ਸਾਧ ਪੂਰੀਆਂ ਅੱਖਾਂ ਖੋਲ੍ਹ ਕੇ ਮੇਰੇ ਵਲ ਝਾਕਿਆ, ਜਿਵੇਂ ਆਪਣੀ ਕਥਾ ਦਾ ਪ੍ਰਭਾਵ ਵੇਖਣਾ ਚਾਹੁੰਦਾ ਹੋਵੇ। 'ਨਾਰਦਮੁਨੀ ਜੀ ਨੇ ਢੰਡੋਰਚੀ ਦਾ ਕਾਰਜ ਸੰਭਾਲਿਆ ਤੇ ਇਲਾਹੀ ਫੁਰਮਾਨ ਹਰ ਜਗਾਹ ਪਹੁੰਚਾ ਦਿੱਤਾ.....'।....ਲੋਕ ਵਹੀਰਾਂ ਘੱਤ ਕੇ ਆਉਣੇ ਸ਼ੁਰੂ ਹੋ ਗਏ.....,—ਪਹਿਲਾਂ ਕੁਝ ਲੋਕ ਆਏ।—ਵਿਸਨੂੰ ਜੀ ਨੇ ਪੁੱਛਿਆ—ਕੀ ਚਾਹੁੰਦੇ ਹੋ—? ਜੀ ਚਾਹੁੰਦੇ ਹਾਂ, ਬੈਠੇ ਬਿਠਾਇਆ ਖਾਣ ਨੂੰ ਮਿਲਦਾ ਰਹੇ...... ਮੁਸ਼ੱਕਤ ਨਾ ਕਰਨੀ ਪਵੇ....।' ਕੁਝ ਲੋਕਾਂ ਨੇ ਕਿਹਾ।—'ਤੱਕੜੀ ਵੱਟੇ ਲੈ ਲਓ ਤੇ ਦੁਕਾਨਦਾਰੀ ਕਰੋ....' ਵਿਸਨੂੰ ਜੀ ਨੇ ਅਸ਼ੀਰਵਾਦ ਦਿਤਾ ਤੇ ਉਹ ਬਾਣੀਏ ਬਣ ਗਏ।....'

ਸਾਧ ਨੇ ਕੁਝ ਸਾਹ ਲਿਆ। ਫਿਰ ਬੋਲਿਆ—'ਫਿਰ ਕੁਝ ਹੋਰ ਲੋਕ ਆਏ.....ਪੁੱਛਣ ਤੇ ਬੋਲੇ....'ਜੀ ਕੁਰਸੀ ਤੇ ਬਹਿਕੇ ਕੰਮ ਕਰਦਿਆਂ ਰੋਟੀ ਮਿਲੇ'......—ਜਾਓ ਹਰ ਮਹਿਕਮੇ ਵਿਚ ਮੁਨਸ਼ੀ ਲੱਗ ਜਾਓ.....' ਵਿਸਨੂੰ ਜੀ ਨੇ ਹੁਕਮ ਦਿੱਤਾ ਤੇ ਉਹ ਬਾਬੂ ਬਣ ਗਏ....ਜਿਹਨਾਂ ਨੂੰ ਤੁਸੀਂ ਪੜ੍ਹੇ ਲਿਖੇ ਕਲੱਰਕ ਕਹਿੰਦੇ ਓ...' ਸਾਧ ਨਿੰਮ੍ਹਾ ਜਿਹਾ ਮੁਸਕਰਾਇਆ-'ਫਿਰ ਕੁਝ ਹੋਰ ਲੋਕ ਆਏ....ਉਹ ਬੋਲੇ ਜੀ ਕੁਰਸੀ ਵੀ ਮਿਲੇ, ਕੰਮ ਵੀ ਨਾ ਕਰਨਾ ਪਏ।'....ਮੰਗ ਟੇਢੀ ਸੀ, ਵਿਸਨੂੰ ਜੀ ਕੁਝ ਪਲ ਸੋਚਦੇ ਰਹੇ, ਫਿਰ ਕਿਹਾ...ਜਾਓ ਅਧਿਆਪਕ ਬਣ ਜਾਓ...ਵੱਡੀਆਂ ਗੱਡੀਆਂ ਵਿਚ ਵੀ ਲਿਖਿਆ ਹੁੰਦਾ ਹੈ...'ਪੈਸੇ ਕਮਾਉਣ ਨੂੰ ਡਾਕਟਰੀ—ਐਸ਼ ਕਰਨ ਨੂੰ ਮਾਸਟਰੀ, ਗਾਹਲਾਂ ਖਾਣ ਨੂੰ ਡਰੈਵਰੀ ਤੇ ਕੰਡਕਟਰੀ।'

ਸਾਧ ਫਿਰ ਪਹਿਲਾਂ ਵਾਂਗ ਹੱਸਿਆ—''ਕੁਝ ਲੋਕ ਬਾਹਰ ਰੌਲਾ ਪਾ ਰਹੇ ਸਨ। ਵਿਸਨੂੰ ਜੀ ਨਾਰਾਜ਼ ਹੋਏ, ਨਾਰਦਮੁਨੀ ਨੂੰ ਬੁਲਾਇਆ ਪੁੱਛਿਆ—ਸ਼ੋਰ ਕਿਉਂ ਹੈ? ਨਾਰਦਮੁਨੀ ਨੇ ਦੱਸਿਆ, ਕੁਝ ਲੋਕ ਪਹਿਲਾਂ ਆਉਣਾ ਚਾਹੁੰਦੇ ਸਨ, ਮੈਂ ਕਿਹਾ ਵਾਰੀ ਆਈ ਤਾਂ ਜਾਇਓ। ਪਰ ਹੁਣ ਵਾਰੀ ਆ ਗਈ ਹੈ ਤਾਂ ਕਹਿੰਦੇ ਨੇ ਅਸੀਂ ਅੰਦਰ ਨਹੀਂ ਜਾਣਾ।....ਵਿਸਨੂੰ ਆਪ ਆਵੇ ਸਾਡੇ ਪਾਸ....।'

—ਵਿਸਨੂੰ ਜੀ ਉਠ ਬੈਠੇ। ਮਨ ਅੰਦਰ ਖਫ਼ਾ ਵੀ ਹੋਏ। ਪਰ ਉਹ ਬਾਹਰ ਆ ਗਏ। ਮਹਾਰਾਜ ਦੇ ਲੰਮੇ ਕੇਸ ਪਿੱਛੇ ਸੁਟੇ ਹੋਏ ਸਨ। ਮੋਹਣਾ ਰੂਪ ਸੀ...ਨੈਣ ਨਕਸ਼ ਸਾਫ਼ ਸਨ।... 'ਬਾਹਰ ਬੈਠੇ ਲੋਕਾਂ ਨੇ ਇਕ ਦੂਸਰੇ ਨੂੰ ਕੂਹਣੀਆਂ ਮਾਰ ਕੇ ਅੱਖਾਂ ਨਾਲ ਹੀ ਇਸ਼ਾਰੇ ਕੀਤੇ। ਨੈੜਾ ਤਾਂ ਵਧੀਐ।' ਕੋਈ ਬੋਲਿਆ।...

ਵਿਸਨੂੰ ਜੀ ਨੇ ਸੁਣ ਲਿਆ। ਤਾੜ ਲਿਆ, ਇਹ ਭੱਦਰ ਲੋਕ ਨਹੀਂ...ਸ਼ਾਇਦ ਚੋਰ ਉਚੱਕੇ ਹੋਣ। ਨਿਰਾਦਰੀ ਵੀ ਬਰਦਾਸ਼ਤ ਨਾ ਕਰ ਸਕੇ। ਕ੍ਰੋਧਿਤ ਹੋ ਕੇ ਉਹਨਾਂ ਮਿੱਟੀ



Scanned by CamScanner

ਦੀ ਮੁੱਠ ਭਰੀ ਤੇ ਚਲਾਵੀ ਮਾਰੀ। ਉਹ ਸਾਰੀ ਪ੍ਰਿਥਵੀ ਤੇ ਖਿੱਲਰ ਗਈ। ਨਾਲ ਹੀ ਸਰਾਪ ਦਿੱਤਾ... 'ਜਾਓ ਚੁੱਗਦੇ ਫਿਰੋ...।'

—ਤੇ ਉਹ ਸਾਰੇ ਲੋਕ ਡਰਾਈਵਰ ਬਣ ਗਏ...। ਵਿਸ਼ਨੂੰ ਜੀ ਦੀ ਖਿਲਾਰੀ ਰੋਜ਼ੀ ਥਾਂ 'ਥਾਂ ਤੋਂ ਚੁੱਗਦੇ ਫਿਰਦੇ ਹਨ। ਕਦੇ ਦੇਸ਼ ਦੇ ਇਸ ਕੋਨੇ, ਕਦੇ ਉਸ ਕੋਨੇ...ਆਖ ਕੇ ਸਾਧ ਚੁੱਪ ਹੋ ਗਿਆ ਤੇ ਵਿਆਹ ਵਾਲੇ ਘਰੋਂ ਆਈ ਚਾਹ ਪੀ ਕੇ,—'ਚੰਗਾ ਭਗਤਾਂ' ਕਹਿ ਕੇ ਚਲਿਆ ਗਿਆ।

ਸਾਧ ਦੀ ਸੁਣਾਈ ਮਿੱਥ-ਕਥਾ ਬਾਰੇ ਜਦੋਂ ਵੀ ਸੋਚਦਾ ਹਾਂ, ਤਾਂ ਜਾਪਦਾ ਹੈ, ਜਿਵੇਂ ਸੱਚ-ਮੁੱਚ ਹੀ ਅਸੀ ਥਾਂ ਥਾਂ ਦੀ ਚੋਗ ਚੁਗਦੇ ਫਿਰਦੇ, ਵਿਸ਼ਨੂੰ ਦਾ ਸਰਾਪ ਹੀ ਭੋਗ ਰਹੇ ਹਾਂ।

Scanned by CamScanner

# ਬਿਨਾਂ ਰੂਟ ਪਰਮਿਟ ਦੀ ਬੱਸ ਬਨਾਮ ਮੇਰਾ ਦੇਸ਼

'ਗੱਲ ਮੁੱਢ ਤੋਂ ਸ਼ੁਰੂ ਕਰਦੇ ਹਾਂ...', ਰਿਟਾਇਰ ਹੋਏ ਇਕ ਬੇਹੱਦ ਬੁੱਢੇ ਡਰਾਈਵਰ ਨੇ ਕੰਬਦੀ ਲੜਖੜਾਂਦੀ ਜ਼ਬਾਨ ਨਾਲ ਕਿਹਾ,–'ਬਹੁਤ ਪੁਰਾਣੀ ਗੱਲ ਨਹੀ ਹੈ, ਇਕ ਲਾਵਾਰਿਸ ਬੱਸ, ਕਈ ਮਹੀਨੇ ਇਕ ਇਲਾਕੇ ਵਿਚ ਖੜ੍ਹੀ ਰਹੀ। ਉਸ ਦੇ ਮਾਲਕ ਜਾਂ ਵਾਰਿਸ ਪਤਾ ਨਹੀ ਮਰ ਖੱਪ ਗਏ ਸਨ ਜਾਂ ਉਂਜ ਹੀ ਉਹਨਾਂ ਛੰਡਰ ਗਾਂ ਵਾਂਗ ਰੱਸਾ ਖੋਲ੍ਹ ਦਿੱਤਾ ਸੀ। ਜੇ ਦੁੱਧ ਦੀ ਥਾਂ, ਛੜਾਂ ਹੀ ਮਿਲਣ ਤਾਂ ਸਾਂਭਣ ਵਾਲੇ ਖਹਿੜਾ ਛਡਾਉਣਾ ਹੀ ਚੰਗਾ ਸਮਝਦੇ ਨੇ....।'

ਇਨਾ ਕੁ ਬੋਲਣ ਨਾਲ ਹੀ ਬੁੱਢੇ ਡਰਾਈਵਰ ਦਾ ਦਮ ਉਖੜ ਗਿਆ। ਖੰਘ ਵੀ ਛਿੜ ਪਈ। ਕੁਝ ਪਲ ਆਪਣੇ ਆਪ ਨਾਲ ਘੁਲਦਾ, ਉਹ ਹੌਲੀ ਹੌਲੀ ਸ਼ਾਂਤ ਹੋਇਆ ਤੇ ਬੋਲਿਆ, ਕੁਝ ਨਵੇਂ ਰੱਜੇ ਮੁਹਤਬਰਾਂ ਤੇ ਚੌਧਰ ਦੇ ਭੁੱਖਿਆਂ ਨੇ ਸੋਚਿਆ, 'ਕਿਉਂ ਨਾ ਬੱਸ ਨੂੰ ਫੇਰ, ਚਾਲੂ ਕੀਤਾ ਜਾਵੇ? ਇੰਜਣ ਓਵਰਹਾਲ ਹੋ ਜਾਏਗਾ, ਟਾਇਰ ਨਵੇਂ ਲੱਗ ਜਾਣਗੇ, ਸੀਟਾਂ ਬੈਠਣ ਜੋਗੀਆਂ ਬਣਾ ਲਵਾਂਗੇ, ਜੇ ਨਾ ਵੀ ਬਣੀਆਂ ਤਾਂ ਵੀ ਕੋਈ ਹਰਜ਼ ਨਹੀ, ਇਸ ਦੇਸ ਦੇ ਲੋਕ ਉਂਜ ਵੀ ਖੜ੍ਹ ਕੇ ਸਫ਼ਰ ਕਰਨ ਦੇ ਆਦੀ ਹਨ।...ਪਰ ਲਾਲਸਾ ਦੇ ਨਾਲ ਨਾਲ ਤਜਰਬੇ ਦੀ ਬੜੀ ਲੋੜ ਹੁੰਦੀ ਐ–' ਆਖ ਕੇ ਬਜ਼ੁਰਗ ਨੇ ਹਾਉਕੇ ਵਾਂਗ ਲੰਮਾ ਸਾਹ ਲਿਆ।

–ਬੜੇ ਮਸਵਰੇ ਹੋਏ। ਹਰ ਰੋਜ਼ ਮੀਟਿੰਗਾਂ ਹੋਣ ਲੱਗੀਆਂ।...ਜੇ ਚੰਦਾ ਕੱਠਾ ਕਰਕੇ ਬੱਸ ਤਿਆਰ ਕੀਤੀ ਜਾਏ, ਲੋਕਾਂ ਨੂੰ ਕਹਾਂਗੇ ਤੁਹਾਡੀ ਆਪਣੀ ਬੱਸ ਐ। ਤੁਹਾਡੇ ਇਲਾਕੇ ਦੀਆਂ ਸਹੂਲਤਾਂ ਲਈ ਇਸ ਨੂੰ ਤਿਆਰ ਕਰਵਾਇਆ ਜਾ ਰਿਹੈ। ਪੈਸੇ ਲੋਕ ਖਰਚਣਗੇ। ਕਮਾਈ ਆਪਾਂ ਖਾਵਾਂਗੇ। ਸਾਂਝੇ ਕੰਮਾਂ ਵਿਚ ਇਸ ਦੇਸ ਦੇ ਲੋਕ ਬੜਾ ਉਤਸ਼ਾਹ ਵਿਖਾਉਂਦੇ ਨੇ। ਉਹਨਾਂ ਕਿਹਾ ਐਲਾਨ ਕਰ ਦਿਆਂਗੇ, ਬੱਸ ਦੇ ਨਫ਼ੇ ਨੁਕਸਾਨ ਦੇ ਸਾਰੇ ਹਿੱਸੇਦਾਰ ਹੋਣਗੇ। ਨਫ਼ੇ ਆਪਾਂ ਵੰਡ ਲਿਆ ਕਰਾਂਗੇ, ਨੁਕਸਾਨ ਦਾ ਹਿੱਸਾ ਲੋਕਾਂ ਤੋਂ ਉਗਰਾਹਿਆ ਕਰਾਂਗੇ। ਜੇ ਫੇਰ ਵੀ ਗੱਲ ਨਾ ਬਣੀ ਤਾਂ ਕਿਸੇ ਦੇਵੀ ਦੇਵਤੇ, ਅੱਲਾਹ ਜਾਂ ਵਾਹਿਗੁਰੂ ਦੇ ਨਾਂ ਤੇ ਲੋਕਾਂ ਵਿਜ ਉਤਸ਼ਾਹ ਪੈਦਾ ਕਰਾਂਗੇ।

–ਉਹਨਾਂ ਆਪਣੀਆਂ ਸਕੀਮਾਂ ਨੂੰ ਅਮਲ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ। ਉਹਨਾਂ ਬੱਸ ਨੂੰ ਫਿਰ ਚਾਲੂ ਕਰਨ ਦਾ ਮਤਾ ਪਾਸ ਕਰ ਲਿਆ। ਪੁਰਾਣੇ ਵਾਰਸਾਂ ਦੀ ਅਸੀਰਵਾਦ ਲੈ ਕੇ, ਬੱਸ ਧੂਹ ਕੇ ਇਕ ਵਰਕਸ਼ਾਪ ਵਿਚ ਖੜ੍ਹੀ ਕਰ ਦਿੱਤੀ। ਬੱਸ ਦੀ ਮੁਰੰਮਤ ਲਈ 'ਕਾਰ ਸੇਵਾ' ਹੋਣ ਲੱਗੀ, ਚੰਦੇ ਉਗਰਾਹੇ ਜਾਣ ਲੱਗੇ। ਨਵੇਂ ਬੜੇ ਚੌਧਰੀ ਆਪਣੇ ਆਪਣੇ ਇਲਾਕਿਆਂ ਵਿਚ ਖਿੱਚ-ਧੂਹੀ ਕਰਨ ਲੱਗੇ..।'

–ਸਾਂਝਾ ਉੱਦਮ ਸੀ। ਇਹੋ ਜੇਹੇ ਕੰਮ ਜਾਂ ਤਾਂ ਮਹੀਨਿਆਂ-ਬੱਧੀ ਲਟਕ ਜਾਂਦੇ ਹਨ ਜਾਂ ਫ਼ਿਰ ਅਲਾਦੀਨ ਦੇ ਲੈਂਪ ਵਾਲੇ ਦਿਓ ਵਾਂਗ ਕ੍ਰਿਸ਼ਮਾ ਹੀ ਹੋ ਨਿਬੜਦੇ। ਬੱਸ ਦਿਨਾਂ



Scanned by CamScanner

'ਚ ਹੀ ਤਿਆਰ ਹੋ ਗਈ। ਬਾਹਰੋਂ ਦੇਖਣੀ-ਪਾਖਣੀ ਨਵੀਂ ਨਕੋਰ...। ਪਰ ਇਕ ਸਮੱਸਿਆ ਆਣ ਖੜੀ, ਬੱਸ ਨੂੰ ਕਿਹੜੇ ਰੂਟ ਤੇ ਚਲਾਇਆ ਜਾਏ? ਪਰਮਿਟ ਤਾਂ ਕੋਈ ਹੈ ਨਹੀ, ਚਲਾਣ ਵੀ ਹੋ ਸਕਦੈ। ਕੁਝ ਸਿਆਣਿਆਂ ਰਾਇ ਦਿੱਤੀ ਲੋਕਾਂ ਦੀ ਬੱਸ ਐ, ਇਲਾਕੇ ਦੇ ਸਿਰਕੱਢ ਪ੍ਰਬੰਧਕ ਨੇ, ਕਿਹੜਾ ਨਾਢੂ ਖਾਂ ਚੱਲਣ ਤੋਂ ਰੋਕ ਸਕਦੈ?

ਫਿਰ ਵੀ ਸੀ, ਜਿਧਰ ਦੀਆਂ ਵੱਧ ਸਵਾਰੀਆਂ ਹੁੰਦੀਆਂ, ਭਰਕੇ ਤੋਰ ਦਿੰਦੇ। ਕਦੇ ਕਿਸੇ ਰੂਟ ਤੇ, ਕਦੇ ਕਿਸੇ ਰੂਟ ਤੇ। ਕਈ ਵਾਰ ਸਵਾਰੀਆਂ ਦਿਨ ਭਰ ਖੜ੍ਹੀਆਂ ਉਡੀਕਦੀਆਂ ਰਹਿੰਦੀਆਂ, ਪਰ ਬੱਸ ਕਿਸੇ ਦੂਸਰੇ ਰੂਟ ਤੇ ਚੱਕਰ ਲਗਾ ਰਹੀ ਹੁੰਦੀ, ਗਰੀਬ ਦੀ ਲਾਟਰੀ ਨਿਕਲਣ ਵਾਂਗ ਹੀ ਬੱਸ ਮਿਲਦੀ ਲੋਕਾਂ ਨੂੰ.....।'

ਇਥੋਂ ਹੀ ਗੜਬੜ ਸ਼ੁਰੂ ਹੋਣ ਲੱਗੀ।ਪਹੁੰਚ ਵਾਲੇ ਬੰਦੇ, ਬੱਸ ਨੂੰ ਆਪਣੇ ਪਿੰਡਾਂ ਵਿਚੋਂ ਦੀ ਜਾਂ ਸਹਿਰਾਂ ਵਿਚੋਂ ਦੀ ਚਲਾਉਣ ਦੀਆਂ ਸਿਫਾਰਸ਼ਾਂ ਕਰਨ ਲੱਗੇ। ਪ੍ਰਬੰਧਕਾਂ ਤੇ ਡਰਾਈਵਰਾਂ ਨੇ ਕਾਰੋਬਾਰੀ ਵਤੀਰਾ ਅਪਣਾਇਆ। ਨਾਂਹ ਉਹਨਾਂ ਕਿਸੇ ਨੂੰ ਵੀ ਨਹੀ ਕੀਤੀ। ਪਰ ਪੱਖ-ਪਾਤ ਹੋਣ ਲੱਗ ਪਿਆ। ਤਕੜੇ ਤੇ ਅਸਰਰਸੂਖ ਵਾਲਿਆਂ ਲਈ, ਰਾਖਵੀਆਂ ਸੀਟਾਂ ਰੱਖੀਆਂ ਜਾਣ ਲੱਗੀਆਂ। ਲੋੜਵੰਦ ਤੇ ਜ਼ਰੂਰੀ ਕੰਮਾਂ ਵਾਲੇ ਅੱਡਿਆਂ ਤੇ ਖੜ੍ਹੇ ਹੀ ਰਹਿ ਜਾਂਦੇ। ਗਰੀਬਾਂ ਅਤੇ ਭੁੱਖੇ-ਨੰਗਿਆਂ ਨੂੰ ਤਾਂ ਬੱਸ ਦੇ ਲਾਗੇ ਵੀ ਨਾ ਫਟਕਣ ਦਿੱਤਾ ਜਾਂਦਾ।

ਤਾਂਗਿਆਂ ਰੇੜ੍ਹਿਆਂ ਵਾਲੇ ਵੀ ਦੁਖੀ ਹੋ ਗਏ। ਬੱਸ ਦੇ ਇੰਤਜ਼ਾਰ ਵਿਚ ਸਵਾਰੀਆਂ ਉਹਨਾ ਨਾਲ ਬੈਠਦੀਆਂ ਨਾ, ਬੱਸ ਦੀ ਧੂੜ ਹੀ ਉਹਨਾਂ ਦੇ ਸਿਰਾਂ ਵਿਚ ਪੈਂਦੀ।

ਪਰ ਤਿੰਨਾਂ ਚਾਰਾਂ ਮਹੀਨਿਆਂ ਵਿਚ ਹੀ ਬੱਸ ਆਪਣਾ ਰੰਗ ਵਿਖਾਉਣ ਲੱਗੀ। ਰਬੜ ਚੜ੍ਹਾ ਕੇ ਲਾਏ ਪੁਰਾਣੇ ਟਾਇਰ ਪਟਾਕੇ ਮਾਰ ਗਏ। ਕਦੇ ਇੰਜਣ ਵਿਚ ਖਰਾਬੀ ਪੈ ਜਾਂਦੀ, ਕਦੇ ਗੇਅਰ ਦੇ ਪਿੰਨੀਅਨ ਟੁੱਟ ਜਾਂਦੇ। ਸਵਾਰੀਆਂ ਖੱਜਲ-ਖੁਆਰ ਹੋਣ ਲੱਗੀਆਂ।

ਕੁਝ ਲੋਕ ਕੱਚੇ ਜਿਹੇ ਹੋਏ ਤਾਂਗਿਆਂ ਵਲ ਜਾਂਦੇ ਤੇ ਨੀਵੀਆਂ ਅੱਖਾਂ ਨਾਲ ਪੁੱਛਦੇ—'ਚੱਲਣਾ ਭਾਊ..... ?'

—ਬੱਸ ਤੇ ਨਹੀ ਜਾਣਾ.... ? ਤਾਂਗਿਆਂ ਵਿਚ ਤਾਂ ਮੇਖਾਂ ਲੱਗੀਆਂ.....ਥੋੜੇ ਪੁੜਿਆਂ 'ਚ ਖੁੱਭ ਜਾਣਗੀਆਂ.....। ਤਾਂਗਿਆਂ ਵਾਲੇ ਗੁੱਝੀਆਂ ਚੋਟਾਂ ਮਾਰਦੇ ਤੇ ਠੱਠੇ ਕਰਦੇ।

ਤੇ ਜਦੋਂ ਸਵਾਰੀਆਂ ਲੱਦ ਕੇ ਤਾਂਗਾ ਤੁਰਦਾ ਤਾਂ ਤਾਂਗੇ ਵਾਲੇ ਸਵਾਰੀਆਂ ਨੂੰ ਸੁਣਾ ਸੁਣਾ ਕੇ ਆਪਣੀ ਭੜਾਸ ਕੱਢਦੇ....'ਨਾ ਸਾਲੀ ਦਾ ਅੱਗਾ, ਨਾ ਪਿੱਛਾ.....ਅੱਜ ਤਾਈਂ ਉਹਨਾਂ ਭਲਾ ਕਿਸੇ ਸਵਾਰੀ ਨੂੰ ਲਾਇਆ ਸਿਰੇ? ਭਲਾ ਸਾਡਾ ਟਾਇਰ ਪੈਂਚਰ ਹੋ ਜੂ ਕਿ ਇੰਜਣ ਖਰਾਬ ਹੋ ਜੂ.... ? ਇਕ ਹੌਸ ਪਾਵਰ (ਹਾਰਸ ਪਾਵਰ) ਦੀ ਗੱਡੀ ਤਾਂ ਸਾਡੀ ਵੀ ਹੈਗੀ ਆ। ਸਲਿੱਪ ਸਟਾਰਟ, ਬੈਟਰੀ ਦੀ ਉੱਕਾ ਲੋੜ ਨੀ.....।'

ਘੋੜੇ ਦੀ ਹਵਾ ਸਰੀ ਤਾਂ ਸਵਾਰੀਆਂ ਹੱਸ ਪਈਆਂ। ਤਾਂਗੇ ਵਾਲੇ ਨੇ ਗੱਲ ਹਾਸੇ ਪਾਉਂਦਿਆਂ ਆਖਿਆ, 'ਨਾਲੇ ਪਲੰਜਰ ਸਾਫ ਹੋ ਜਾਂਦੇ ਐ, ਤੇ ਹਾਰਨ ਦਾ ਹਾਰਨ।'

—ਬੱਸ ਦੇ ਪ੍ਰਬੰਧਕਾਂ ਲਈ ਇਹ ਬੜੀ ਨਮੋਸ਼ੀ ਵਾਲੀ ਗੱਲ ਸੀ। ਇਉਂ ਤਾਂ ਉਹਨਾਂ ਦੀ ਬਦਨਾਮੀ ਹੋ ਰਹੀ ਸੀ। ਪਹਿਲਾਂ ਦੀ ਕੀਤੀ ਸਾਰੀ ਮਿਹਨਤ ਖੂਹ 'ਚ ਪੈਂਦੀ ਸੀ। ਅਜੇ ਤਾਂ ਖਰਚੇ ਹੀ ਬਰਾਬਰ ਹੋਏ ਸਨ, ਕਮਾਈ ਤਾਂ ਕਰਨੀ ਬਾਕੀ ਸੀ, ਉਹਨਾਂ ਫੇਰ ਅੱਕ ਚੱਬਿਆ, ਔਖੇ ਸੌਖੇ ਹੋ ਕੇ ਬੱਸ ਫੇਰ ਚਾਲੂ ਕਰ ਲਈ।

—ਪਰ ਕੁਝ ਦਿਨਾਂ ਬਾਅਦ ਫੇਰ ਖਰਾਬ ਹੋ ਗਈ, ਉਹਨਾਂ ਫਿਰ ਠੀਕ ਕਰਵਾ ਕੇ ਚਲਾ ਦਿੱਤੀ। ਇਉਂ ਹੀ ਕਦੇ ਖੜ੍ਹ ਜਾਂਦੀ ਕਦੇ ਚਲ ਪੈਂਦੀ। ਲੋਕ ਆਦੀ ਹੋ ਗਏ।



Scanned by CamScanner

ਜਿਹੋ ਜਿਹਾ ਮੌਕਾ ਹੁੰਦਾ, ਸਾਧਨ ਵਰਤ ਲੈਂਦੇ। ਸਮਾਂ ਲੰਘਣ ਲੱਗਾ। ਮੁਹਤਬਰਾਂ ਦੇ ਮਕਾਨ ਵੱਡੇ ਹੁੰਦੇ ਗਏ। ਪੇਟ ਬੈਨੇ ਵਿਸ਼ਾਲ ਹੁੰਦੇ ਗਏ। ਉਹਨਾਂ ਦੀਆਂ ਧੌਣਾਂ ਵਿਚ ਤਜਰਬੇਕਾਰੀ ਦੇ ਕਿੱਲੇ ਅੜਦੇ ਗਏ।

ਬੱਸ ਤਾਂਵੇ ਲੋਕਾਂ ਦੀ ਸੀ, ਉਹਨਾਂ ਤੇ ਉਗਰਾਹੇ ਚੰਦਿਆਂ ਨਾਲ ਚਾਲੂ ਹੋਈ ਸੀ। ਪਰ ਹੁਣ, ਪ੍ਰਬੰਧਕ ਇਸ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗੇ। ਤੇ ਲਗਦਾ ਸੀ, ਬੱਸ ਦੀ ਹੁਣ, ਟੀਕੇ ਤੇ ਲੱਗੀ ਮੱਝ ਵਾਂਗ ਉਹਨਾਂ ਦੇ ਹੱਥ ਪੈ ਗਈ ਸੀ।

ਪਰ ਸਿਆਣੇ ਸੱਚ ਆਖਦੇ ਨੇ, ਖਾਂਦਿਆਂ ਨੂੰ ਕੋਈ ਵਿਰਲਾ ਹੀ ਜਰਦਾ ਹੈ। ਇਥੇ ਇਕ ਅਜੀਬ ਘਟਨਾ ਵਾਪਰੀ। ਕੁਝ ਵਪਾਰੀ ਕਿਸਮ ਦੇ ਬੰਦੇ, ਪਾਰ ਦੇ ਇਲਾਕੇ ਵਿਚੋਂ ਆਏ, ਵੇਖਿਆ.....ਬੱਸ ਦਾ ਕੋਈ ਨਾ ਪਰਮਿਟ ਹੈ, ਨਾ ਨੰਬਰ ਹੈ, ਨਾ ਕੋਈ ਕਾਗਜ਼ ਪੱਤਰ ਹੈ, ਨਾ ਕੋਈ ਪ੍ਰਬੰਧਕਾਂ ਵਿਚੋਂ ਹੀ ਅਣਖ ਵਾਲਾ ਜਾਪਦਾ ਹੈ।......ਉਹਨਾਂ ਮੌਕਾ ਤਾੜਿਆ, ਆਪਣੇ ਨਾਲ ਕੁਝ ਧਾੜਵੀ ਰਲਾਏ ਤੇ ਬੱਸ ਨੂੰ ਅਗਵਾ ਕਰਕੇ ਲੈ ਗਏ। ਤੇ ਰਾਤੋ ਰਾਤ ਉਸ ਦਾ ਰੰਗ ਬਦਲ ਕੇ ਬੇ-ਪਛਾਣ ਕਰ ਦਿੱਤੀ।

—ਸੂਹੀਆਂ ਪੈੜ ਕੱਢੀ। ਪੰਚਾਇਤਾਂ ਹੋਈਆਂ, ਅਸਰ ਰਸੂਖ ਵਾਲੇ ਬੰਦੇ ਭੇਜੇ ਗਏ।

ਪਰ ਉਹਨਾਂ ਕਿਹਾ,....ਕਿਹੜੀ ਬੱਸ....? ਕਿਸ ਦੀ ਬੱਸ... ? ਕੋਈ ਪ੍ਰਮਾਣ ਹੈ ਥੋੜੇ ਪਾਸ.....?'

ਧਾੜਵੀ ਤਕੜੇ ਸਨ, ਚਲਾਕ ਸਨ, ਹਥਿਆਰਬੰਦ ਸਨ। ਪੁਰਾਣੇ ਪ੍ਰਬੰਧਕ ਨੀਵੀਆਂ ਪਾ, ਕੇ ਵਾਪਸ ਆ ਗਏ। ਗੁੱਸਾ ਤਾਂ ਬਹੁਤ ਸੀ। ਇਹ ਤਾਂ ਆਪਣੀ ਹੀ ਧੀ ਭੈਣ, ਮਾਂ ਨੂੰ ਆਪਣਾ ਨਾ ਕਹਿ ਸਕਣ ਵਰਗੀ ਹੱਤਕ ਸੀ।....ਪਰ ਕੀ ਕਰਦੇ... ? ਚਲੋ ! ਜਦੋਂ ਨਾ ਚੱਲੀ ਆਪੇ ਛੱਡ ਜਾਣਗੇ.....।' ਕਹਿ ਕੇ ਉਹਨਾਂ ਮਨਾਂ ਨੂੰ ਤਸੱਲੀ ਦੇ ਲਈ।

ਪਰ ਨਵੇਂ ਪ੍ਰਬੰਧਕ ਮਾਹਰ ਨਿਕਲੇ। ਨਿੱਕਾ ਮੋਟਾ ਨੁਕਸ ਆਪ ਹੀ ਦੂਰ ਕਰ ਲੈਂਦੇ। ਵਾਹ ਲਗਦੀ ਉਹਨਾਂ ਬੱਸ ਰਾਹ ਵਿਚ ਨਾ ਖੜ੍ਹਨ ਦਿੱਤੀ। ਖਰਚ ਵੀ ਕੀਤਾ, ਕਮਾਈ ਵੀ ਲਈ। ਲੋਕ ਪਹਿਲੇ ਮਾਲਕਾਂ ਨੂੰ ਭੁੱਲਣ ਤਾਂ ਲੱਗੇ ਹੀ, ਕੋਸਣ ਵੀ ਲੱਗੇ।

—ਇਹ ਪਹਿਲਾਂ ਕੁੱਟਿਆਂ ਨੂੰ ਹੋਰ ਦਪੇੜੇ ਚਿੜਾਉਣ ਵਾਲੀ ਗੱਲ ਸੀ। ਇਕ ਤਾਂ ਸ਼ਰੀਕ ਬੱਸ ਤੇ ਕਬਜ਼ਾ ਕਰੀ ਬੈਠੇ ਸਨ, ਦੂਸਰਾ ਆਪਣੇ ਲੋਕਾਂ ਦੀ ਹਮਦਰਦੀ, ਨਫ਼ਰਤ ਵਿਚ ਵਟਦੀ ਜਾ ਰਹੀ ਸੀ। ਕੁਝ ਤਾਂ ਕਰਨਾ ਪੈਣਾ ਸੀ, ਨਹੀਂ ਤਾਂ ਹੋ ਸਕਦੈ, ਬੱਸ ਕਦੇ ਵੀ ਉਹਨਾਂ ਦੇ ਹੱਥਾਂ ਵਿਚ ਨਾ ਆਵੇ, ਉਹਨਾਂ ਸੋਚਿਆ।

ਨਵਿਆਂ ਪ੍ਰਬੰਧਕਾਂ ਨੇ ਤਾਂ, ਇਹਨਾਂ ਦੇ ਪਹਿਲੇ ਹਿੱਸੇਦਾਰਾਂ ਵਿਚੋਂ ਵੀ ਦੋ ਤਿੰਨ ਬੰਦੇ ਆਪਣੇ ਨਾਲ ਜੋੜ ਲਏ ਸਨ। ਹੁਣ ਜਦੋਂ ਕੋਈ ਅੱਖਾਂ ਵਿਖਾਉਂਦਾ, ਜਾਂ ਭੌਂਕਦਾ, ਉਹ ਲਾਲਚ ਦੀ ਬੁਰਕੀ ਸੁੱਟ ਦਿੰਦੇ।

ਇਹ ਤਾਂ ਬੜੀ ਨਮੋਸ਼ੀ ਵਾਲੀ ਗੱਲ ਸੀ, ਪਹਿਲੇ ਪ੍ਰਬੰਧਕਾਂ ਨੇ ਲੋਕਾਂ ਵਿਚ ਆਪਣੀ ਸਾਖ ਵਧਾਉਣੀ ਸ਼ੁਰੂ ਕੀਤੀ। ਉਹ ਲੋਕਾਂ ਦੀਆਂ ਖੁਸ਼ੀਆਂ ਗ਼ਮੀਆਂ ਵਿਚ ਸ਼ਰੀਕ ਹੋਣ ਲੱਗੇ। ਉਹਨਾਂ ਲੋਕਾਂ ਨੂੰ ਦੱਸਿਆ—ਇਹ ਤਾਂ ਇਸ ਤਰ੍ਹਾਂ ਹੈ, ਜਿਵੇਂ ਕੋਈ ਸਾਡੀ ਮੱਝ ਖੋਹਲ ਕੇ ਲੈ ਜਾਏ, ਤੇ ਫਿਰ ਸਾਨੂੰ ਦਿਖਾ ਦਿਖਾ ਕੇ ਦੁੱਧ ਪੀਵੇ। ਬੱਸ ਅਸਾਂ ਤਿਆਰ ਕੀਤੀ। ਅਸਾਂ ਸਭਨਾਂ ਰਲਕੇ ਪੈਸਾ ਲਾਇਆ ਤੇ ਜਦੋਂ ਸਹੂਲਤਾਂ ਮਿਲਣ ਦਾ ਵੇਲਾ ਆਇਆ, ਜ਼ਰਵਾਣੇ ਅਗਵਾ ਕਰਕੇ ਲੈ ਗਏ।



Scanned by CamScanner

ਲੋਕ ਸੁਣਦੇ ਗਏ ਤੇ ਠੰਢਾ ਹੋਇਆ ਖ਼ੂਨ ਖੌਲਦਾ ਰਿਹਾ। ਰਸਤੇ ਰੋਕੇ ਜਾਣ ਲੱਗੇ। ਜਿਹੜੇ ਵੀ ਰੂਟ ਤੇ ਬੱਸ ਜਾਂਦੀ, ਧਰਨੇ ਮਾਰੇ ਜਾਣ ਲੱਗੇ। ਬੱਸ ਦਾ ਬਾਈਕਾਟ ਕਰਨ ਦੇ ਮਤੇ ਪਾਸ ਹੋਏ। ਜਿਨ੍ਹਾਂ ਕਦੇ ਵੀ ਬੱਸ ਤੇ ਚੜ੍ਹ ਕੇ ਨਹੀ ਸੀ ਵੇਖਿਆ ਤੇ ਨਾ ਹੀ ਬਾਅਦ ਵਿਚ ਉਹਨਾਂ ਨੂੰ ਬੱਸ ਵਿਚ ਕਿਸੇ ਚੜ੍ਹਨ ਦੇਣਾ ਸੀ, ਉਹ ਵੀ ਨਵੇਂ ਮਾਲਕਾਂ ਨੂੰ ਗਾਹਲਾਂ ਕੱਢਦੇ, ਦਰੱਖਤ ਵੱਢ ਕੇ ਰਾਹਾਂ ਵਿਚ ਰੋਕਾਂ ਖੜ੍ਹੀਆਂ ਕਰਨ ਲੱਗੇ ਤੇ ਆਥਣ ਨੂੰ ਉਹੀ ਦਰੱਖਤ ਖਿੱਚ-ਧੂਹ ਕੇ ਆਪਣੇ ਘਰੀ ਬਾਲਣ ਲਈ ਲੈ ਜਾਣ ਲੱਗੇ।

ਪੈਸੇ ਦੇ ਕੇ ਰੋਹ ਵਿਚ ਲਿਆਂਦੇ ਗੁੰਡਿਆਂ ਨੇ ਇਕ ਵਾਰ ਤਾਂ ਬੱਸ ਦੇ ਸ਼ੀਸ਼ੇ ਹੀ ਤੋੜ ਦਿਤੇ, ਸਵਾਰੀਆਂ ਜ਼ਖਮੀ ਹੋਈਆਂ। ਨਵੇਂ ਮਾਲਕ ਬੌਖਲਾ ਗਏ। ਉਹਨਾਂ ਸਲਾਹ ਮਸ਼ਵਰਾ ਕੀਤਾ। ਵਪਾਰੀ ਬੰਦੇ ਸਨ, ਚਲਾਕ ਸਨ। ਹੁਣ ਬੱਸ ਤੇ ਹੋਰ ਖਰਚ ਕਰਨ ਜਾਂ ਜਿੰਦ ਕਰਨ ਦਾ ਕੋਈ ਲਾਭ ਨਹੀ ਸੀ ਹੋਣਾ। ਤੇਕੜ ਮੱਥ ਸਾੜ ਕੇ ਕੀ ਕਰਨੀ ਹੈ? ਨਾਲੇ ਮੁਸਾਫਰਾਂ ਨਾਲ ਤਾਂ ਦੁਸ਼ਮਣੀ ਪਾਲੀ ਜਾ ਸਕਦੀ ਹੈ, ਲੋਕਾਂ ਨਾਲ ਨਹੀ। ਉਹ ਬੜੀ ਦੂਰ ਦੀ ਸੋਚਣ ਵਾਲੇ ਸਨ। ਉਹਨਾਂ ਬੱਸ ਵਾਪਸ ਮੋੜਨ ਦਾ ਫੈਸਲਾ ਕਰ ਲਿਆ।

—ਪਰ, ਜਾਂਦੇ ਜਾਂਦੇ ਉਹ ਇਕ ਚਾਲ ਖੇਡ ਗਏ। ਬੱਸ ਵਿਚ ਉਹਨਾਂ ਇਕ ਹੋਰ ਭਾਈਵਾਲੀ ਪੁਆ ਦਿੱਤੀ। ਉਹਨਾਂ ਦੀ ਸਕੀਮ ਸੀ, ਆਪੇ ਲੜੀ ਜਾਣਗੇ, ਮਰੀ ਜਾਣਗੇ, ਠਾਣਿਆਂ 'ਚ, ਕਚਹਿਰੀਆਂ 'ਚ ਤੁਰੇ ਰਹਿਣਗੇ, ਤੇ ਸਾਨੂੰ ਯਾਦ ਕਰਦੇ ਝੂਰੀ ਜਾਣਗੇ।

ਬੱਸ ਵਾਪਸ ਲਿਆਂਦੀ ਗਈ। ਜਸ਼ਨ ਮਨਾਏ ਗਏ। ਇਕ ਦੂਸਰੇ ਨੂੰ ਵਧਾਈਆਂ ਮਿਲਣ ਲੱਗੀਆਂ।

ਚੰਗੀ-ਮਾੜੀ, ਇਹ ਹੁਣ ਲੋਕਾਂ ਦੀ ਆਪਣੀ ਬੱਸ ਸੀ। ਜਦੋ ਕਦੇ ਰਾਹ ਵਿਚ ਖਰਾਬ ਵੀ ਹੋ ਜਾਂਦੀ, ਕੋਈ ਨੁਕਸ ਪੈ ਜਾਂਦਾ, ਲੋਕ ਗਾਲ੍ਹਾਂ ਕੱਢਣ ਦੀ ਬਜਾਏ, ਜਾਂ ਤੁਰਕੇ ਚਲੇ ਜਾਂਦੇ, ਜਾਂ ਧੱਕਾ-ਧੁੱਕਾ ਲਾ ਕੇ ਫਿਰ ਸਟਾਰਟ ਕਰਕੇ ਵਿਚ ਬਹਿ ਜਾਂਦੇ।

ਇਸ ਤਰ੍ਹਾਂ ਹੀ ਕੁਝ ਵਰ੍ਹੇ ਲੰਘ ਗਏ।

ਇਕ ਦਿਨ ਡਰਾਈਵਰ ਦੀ ਅਚਾਨਕ ਮੌਤ ਹੋ ਗਈ। ਲੋਕਾਂ ਵਿਚ ਹਾਹਾਕਾਰ ਮੱਚ ਗਈ। ਪ੍ਰਬੰਧਕ ਘਬਰਾ ਗਏ, ਪਰ ਜਲਦੀ ਉਹਨਾਂ ਉਸੇ ਘਰ ਦਾ ਇਕ ਵਿਅਕਤੀ ਡਰਾਈਵਰ ਰੱਖ ਲਿਆ। ਕੁਝ ਸਮੇਂ 'ਚ ਹੀ ਡਰਾਈਵਰ ਬੱਸ ਦਾ ਭੇਤ ਪਾ ਗਿਆ। ਪਰ ਉਹ ਪਹਿਲੇ ਡਰਾਈਵਰ ਨਾਲੋਂ ਸੁਭਾ 'ਚ ਜ਼ਿੱਦੀ ਸੀ ਤੇ ਆਪਹੁਦਰਾ ਵੀ ਸੀ। ਉਸ ਦਾ ਜਿਧਰ ਜੀਅ ਕਰਦਾ, ਬੱਸ ਲੈ ਜਾਂਦਾ। ਤਬੀਅਤ ਖਰਾਬ ਹੁੰਦੀ ਤਾਂ ਬੱਸ ਖੜ੍ਹੀ ਕਰ ਦਿੰਦਾ। ਸਵਾਰੀਆਂ ਪਰੇਸ਼ਾਨ ਹੋਣ ਲੱਗੀਆਂ। ਲੋਕਾਂ ਨੂੰ ਇਹ ਯਕੀਨ ਵੀ ਨਾ ਰਿਹਾ, ਬੱਸ ਅੱਜ ਆਏਗੀ ਜਾਂ ਨਹੀ ਆਏਗੀ। ਨਾ ਉਹਨਾਂ ਨੂੰ ਪਤਾ, ਕਿਸ ਰੂਟ ਤੇ ਚੱਲੇਗੀ। ਬੇਚੈਨੀ ਵਧਣ ਲੱਗੀ, ਪ੍ਰਬੰਧਕਾਂ ਨੂੰ ਫ਼ਿਕਰ ਪਿਆ, ਉਹਨਾਂ ਡਰਾਈਵਰ ਨੂੰ ਖ਼ਬਰਦਾਰ ਕੀਤਾ। ਪਰ ਆਪਣੇ ਆਪ ਨੂੰ ਸੁਧਾਰਨ ਦੀ ਥਾਂ, ਡਰਾਈਵਰ ਉਹਨਾਂ ਨੂੰ ਵੀ ਅੱਖਾਂ ਵਿਖਾਉਣ ਲੱਗਾ। ਜੇ ਕਮਾਈ ਵਿਚੋਂ ਹਿੱਸਾ ਖਾਧਾ ਜਾਂਦਾ ਹੈ ਤਾਂ ਚੁੱਪ-ਚਾਪ ਖਾਈ ਚੱਲੋ, ਨਹੀ ਤਾਂ ਪ੍ਰਬੰਧਕ ਹੋਰ ਬਦਲੋ। ਇਸ ਘਰ ਨੇ ਕਿੰਨੇ ਵਰ੍ਹੇ ਇਸ ਬੱਸ ਦੀ ਸੇਵਾ ਕੀਤੀ ਹੈ। ਉਸਨੇ ਤਾਂ ਜੀ, ਇਕ ਪ੍ਰਬੰਧਕ ਦੀ ਛਾਂਟੀ ਵੀ ਕਰਵਾ ਦਿੱਤੀ। ਪ੍ਰਬੰਧਕ ਇਸ ਦੀਆਂ ਚਾਲਾਂ ਤੇ ਡਰਨ ਲੱਗੇ ਤੇ ਇਕ ਦੂਸਰੇ ਤੋਂ ਚੋਰੀ, ਉਸ ਦੀ ਚਾਪਲੂਸੀ ਕਰਨ ਲੱਗੇ।

ਬੁੱਢਾ ਡਰਾਈਵਰ ਬੋਲਦਾ ਚੁੱਪ ਕਰ ਗਿਆ ਤੇ ਸਾਹ ਲੈਣ ਲੱਗਾ। ਉਸ ਨੇ ਉਠਕੇ



Scanned by CamScanner

ਆਪ ਹੀ ਪਾਣੀ ਦਾ ਗਿਲਾਸ ਪੀਤਾ ਤੇ ਫਿਰ ਦੱਸਣ ਲੱਗਾ.....।

—ਬੱਸ ਇਸ ਤੋਂ ਬਾਅਦ ਤਾਂ ਰੋਜ਼ ਹੀ ਕੁਝ ਨਾ ਕੁਝ ਨਵਾਂ ਵਾਪਰ ਜਾਂਦਾ। ਡਰਾਈਵਰ ਜਿਹੜੀ ਮਰਜ਼ੀ ਸਵਾਰੀ ਦੀ ਬੇਇੱਜ਼ਤੀ ਕਰ ਦਿੰਦਾ। ਇਕ ਦਿਨ ਕਿਸੇ ਸਵਾਰੀ ਪਿੱਛੇ ਹੀ ਝਗੜਾ ਹੋਇਆ। ਡਰਾਈਵਰ ਨੇ ਇਕ ਬਿਰਧ ਨੂੰ ਧੱਕੇ ਮਾਰ ਕੇ ਬੱਸ ਵਿਚੋਂ ਲਾਹ ਦਿੱਤਾ। ਕੁਝ ਪ੍ਰਬੰਧਕਾਂ ਦੁੱਖੀ ਹੋ ਕੇ ਆਪਣਾ ਹਿੱਸਾ ਮੰਗਿਆ, ਡਰਾਈਵਰ ਨੇ ਉਹਨਾਂ ਪ੍ਰਬੰਧਕਾਂ ਨਾਲ ਸਬੰਧਤ ਸਾਰੇ ਲੋਕਾਂ ਨੂੰ ਹੀ ਬੱਸ ਵਿਚ ਚੜ੍ਹਨੋਂ ਮਨ੍ਹਾਂ ਕਰ ਦਿੱਤਾ। ਲੋਕ ਭੜਕ ਉਠੇ, ਉਹਨਾਂ ਪਹਿਲਾਂ ਇੱਟਾਂ ਪੱਥਰ ਚਲਾਏ, ਡਰਾਈਵਰ ਨੇ ਗੁੱਸੇ ਵਿਚ ਆ ਕੇ ਕਈ ਆਦਮੀ ਬੱਸ ਹੇਠਾਂ ਦੇ ਕੇ ਮਾਰ ਦਿਤੇ। ਫਿਰ ਲੋਕਾਂ ਬੱਸ ਘੇਰ ਲਈ, ਡਰਾਈਵਰ ਨੂੰ ਬਾਹਰ ਧੂ ਲਿਆ ਤੇ ਭੜਕੇ ਲੋਕਾਂ ਨੇ ਉਸ ਨੂੰ ਕੁੱਟ ਕੁੱਟ ਕੇ ਅਧ-ਮੋਇਆ ਕਰ ਦਿੱਤਾ। ਹਸਪਤਾਲ ਵਿਚ ਜਾਕੇ ਡਰਾਈਵਰ ਦੀ ਮੌਤ ਹੋ ਗਈ।

ਇਸ ਤਰ੍ਹਾਂ ਤਾਂ ਕਦੇ ਇਸ ਅਹਿੰਸਾਵਾਦੀ ਮੁਲਕ ਵਿਚ ਹੋਇਆ ਨਹੀ ਸੀ। ਜਿਹੜੇ ਇਲਾਕੇ ਦੇ ਲੋਕਾਂ ਡਰਾਈਵਰ ਮਾਰਿਆ ਸੀ, ਪ੍ਰਬੰਧਕਾਂ ਤੇ ਗੁੰਡਿਆਂ ਰਲਕੇ ਉਹਨਾਂ ਦੇ ਘਰ ਸਾੜ ਛੱਡੇ, ਜਿਹੜਾ ਰਾਹ ਵਿਚ ਮਿਲਿਆ ਕੋਹ ਦਿੱਤਾ, ਲੁੱਟਮਾਰ ਕੀਤੀ, ਤੇ ਇਉਂ, ਦੋ ਤਿੰਨ ਦਿਨ ਦਹਿਸ਼ਤ ਫੈਲਾ ਕੇ ਉਹਨਾਂ ਮਰ ਚੁੱਕੇ ਡਰਾਈਵਰ ਦਾ ਸੋਗ ਮਨਾਇਆ।

—ਹੁਣ ਹਰ ਕੋਈ ਚਾਹੁੰਦਾ ਸੀ, ਡਰਾਈਵਰ ਮੇਰਾ ਆਦਮੀ ਬਣੇ। ਪ੍ਰਬੰਧਕਾਂ ਵਿਚ ਅੰਦਰਖਾਤੇ ਈਰਖਾ ਵਧਣ ਲੱਗੀ। ਲੋਕ ਚਾਹੁੰਦੇ ਸਨ, ਕੋਈ ਚੰਗਾ ਮਾਹਰ ਤਜਰਬੇਕਾਰ ਡਰਾਈਵਰ ਲੋਕਾਂ ਵਿਚੋਂ ਛਾਂਟ ਕੇ ਰੱਖਿਆ ਜਾਵੇ। ਪਰ ਕੁਝ ਖਾਸ ਪ੍ਰਬੰਧਕਾਂ ਅਤੇ ਵਫ਼ਾਦਾਰਾਂ ਦੀ ਰਾਇ ਸੀ, ਮਾਰੇ ਗਏ ਡਰਾਈਵਰ ਦੇ ਲੜਕੇ ਨੂੰ ਚਾਨਸ ਦੇਣਾ ਚਾਹੀਦਾ। ਉਹਨਾਂ ਦਲੀਲ ਦਿੱਤੀ, ਸਰਕਾਰ ਵੀ ਤਾਂ, ਜੇ ਕੋਈ ਕਰਮਚਾਰੀ ਹਾਦਸੇ ਵਿਚ ਮਾਰਿਆ ਜਾਵੇ, ਉਸ ਦੇ ਪੁੱਤਰ ਨੂੰ ਨੌਕਰੀ ਦੇਣ ਦਾ ਪ੍ਰਬੰਧ ਕਰਦੀ ਹੈ।

—ਖ਼ੈਰ! ਉਸੇ ਦੇ ਲੜਕੇ ਨੂੰ ਹੀ ਡਰਾਈਵਰ ਬਣਾ ਦਿੱਤਾ ਗਿਆ। ਨਾ ਉਸ ਟਰੇਨਿੰਗ ਲਈ, ਨਾ ਲਾਈਸੰਸ ਬਣਵਾਇਆ। ਪਹਿਲੇ ਦਿਨ ਜਦ ਸਟੇਰਿੰਗ ਤੇ ਬੈਠਾ ਤਾਂ ਬੱਸ ਬੈਕ-ਗੇਅਰ 'ਚ ਫਸਾ ਲਈ, ਕਲੱਚ ਛੱਡੇ ਤਾਂ ਬੱਸ ਪਿੱਛੇ ਨੂੰ ਜਾਵੇ। ਸਵਾਰੀਆਂ ਚੀਕਾਂ ਮਾਰਨ ਲੱਗੀਆਂ। ਇਕ ਤਜਰਬੇਕਾਰ ਨੇ ਗੇਅਰ ਲਾਉਣ ਦਾ ਵਲ ਦੱਸਿਆ। ਹੁਣ ਸਟੇਰਿੰਗ ਸਿੱਧਾ ਰੱਖਣ ਦੀ ਮੁਸੀਬਤ ਸੀ। ਗੱਡੀ ਇਕ ਕੰਧ ਵਿਚ ਜਾ ਵੱਜੀ। ਇਕ ਦਿਨ ਟਾਇਰ ਪੰਚਰ ਹੀ ਚਲਾ ਦਿੱਤਾ। ਇਕ ਹੋਰ ਦਿਨ ਦੋ ਬੰਦੇ ਹੇਠਾਂ ਦਰੜ ਦਿੱਤੇ।

'ਇਸ ਤਰ੍ਹਾਂ ਦਾ ਅਣਜਾਣ ਡਰਾਈਵਰ ਤਾਂ ਬੱਸ ਦਾ ਸਤਿਆਨਾਸ ਕਰ ਦਏਗਾ......।' ਲੋਕਾਂ ਧੂ-ਪਾਹਰਿਆ ਕੀਤੀ।

ਪ੍ਰਬੰਧਕ ਅੱਡ ਪਰੇਸ਼ਾਨ ਸਨ, ਜੇ ਡਰਾਈਵਰ ਉਹਨਾਂ ਦੀ ਮਰਜ਼ੀ ਦਾ ਨਾ ਹੋਇਆ, ਤਾਂ ਖਾਣ ਪੀਣ ਕਿਥੋਂ ਚੱਲੇਗਾ? ਪਹਿਲਾਂ ਕੀਤੀਆਂ ਘਪਲੇਬਾਜ਼ੀਆਂ ਕਿਵੇਂ ਛੁਪਣਗੀਆਂ?

ਕੁਝ ਚਲਾਕ ਤੇ ਸ਼ਰਾਰਤੀ ਸਿਰ ਜੁੜੇ। ਮੀਟਿੰਗਾਂ ਹੋਈਆਂ, ਪਲੈਨਾਂ ਬਣੀਆਂ ਤੇ ਅੰਤ ਉਹਨਾਂ ਇਕ ਫ਼ੈਸਲਾ ਕਰ ਲਿਆ.....ਲੋਕਾਂ ਨੂੰ ਕਿਸੇ ਹੋਰ ਪਾਸੇ ਉਲਝਾ ਦਿੱਤਾ ਜਾਵੇ।

ਤੇ ਉਹਨਾਂ ਬੱਸ ਅੱਡਿਆਂ ਤੇ ਪਿੰਡਾਂ ਵਿਚ, ਨਗਰਾਂ ਵਿਚ, ਮਹਾਂਨਗਰਾਂ ਵਿਚ ਆਪਣੇ ਸੂਹੀਏ ਛੱਡ ਦਿੱਤੇ।

ਅਫ਼ਵਾਹਾਂ ਫੈਲਣ ਲੱਗੀਆਂ। ਕਦੇ ਕੋਈ ਕਿਸੇ ਤੇ ਸ਼ੱਕ ਕਰਦਾ, ਕਦੇ ਕੋਈ। ਦੋ ਇਕੱਠੇ ਖਾਂਦੇ ਪੀਂਦੇ ਬੰਦਿਆਂ ਨੂੰ ਅਲੱਗ ਅਲੱਗ ਆਖਿਆ ਜਾਂਦਾ, ਜੇ ਤੇਰੇ ਨਾਲ ਦੂਸਰਾ

Scanned by CamScanner

ਨਾ ਹੋਵੇ ਤਾਂ ਮੈ ਤੈਨੂੰ ਬੱਸ ਵਿਚ ਸੀਟ ਦੁਆ ਦਿਆਂਗਾਂ। ਦੁੱਖ ਸੁੱਖ ਦੇ ਸਾਂਝੀਆਂ ਦੇ ਮਨਾਂ ਵਿਚ ਤਰੇੜਾਂ ਪੈਣ ਲੱਗੀਆਂ। ਬੇਚੈਨੀ ਵਧਣ ਲੱਗੀ। ਕਦੇ ਕੋਈ ਬੱਚਾ ਅਗਵਾ ਕਰ ਲਿਆ ਜਾਂਦਾ। ਕਦੇ ਕਿਤੇ ਕਤਲ ਹੋ ਜਾਂਦਾ, ਲੋਕ ਇਕ ਦੂਸਰੇ ਤੋ ਭੈਅ ਖਾਣ ਲੱਗੇ।.....ਪ੍ਰਬੰਧਕਾਂ ਦੀ ਸਾਜਿਸ ਕਾਮਯਾਬ ਹੋਣ ਲੱਗੀ।

—ਬੱਸ ਕਿਵੇ ਚੱਲ ਰਹੀ ਹੈ? ਉਸ ਦਾ ਕੀ ਨੁਕਸਾਨ ਹੋ ਰਿਹਾ ਹੈ? ਉਸ ਨੂੰ ਕਿਹੜਾ ਖਾਈ ਜਾ ਰਿਹਾ ਹੈ?......ਇਹ ਸਭ ਭੁਲ-ਭੁਲਾਕੇ ਲੋਕਾਂ ਨੂੰ ਆਪਣੀ ਸੁਰੱਖਿਆ ਦਾ ਫ਼ਿਕਰ ਹੋਣ ਲੱਗਾ।

ਬੁੱਢਾ ਡਰਾਈਵਰ, ਚੁੱਪ ਹੋ ਗਿਆ ਤੇ ਨੀਵੀ ਪਾ ਲਈ।

—ਫੇਰ ਕੀ ਹੋਇਆ ਬਾਬਾ? ਭੀੜ ਵਿਚੋਂ ਕਿਸੇ ਨੇ ਉਤਸਕਤਾ ਨਾਲ ਪੁੱਛਿਆ।

—ਫੇਰ ਕੀ ਹੋਣਾ ਸੀ? ਡਰਾਈਵਰ ਨੇ ਹਾਉਕਾ ਲਿਆ। 'ਉਹ ਡਰਾਈਵਰ ਵੀ ਕੁਝ ਸਰਾਰਤੀਆਂ ਦਾ ਸਿਕਾਰ ਹੋ ਗਿਆ, ਮਾਰਿਆ ਗਿਆ ਤੇ ਉਦੋਂ ਤੇ ਹੀ, ਜਿਸਦਾ ਦਾਅ ਲਗਦਾ ਹੈ, ਡਰਾਈਵਰ ਬਣ ਬੈਠਦਾ ਹੈ। ਅੱਖਾਂ ਤੇ ਪੱਟੀ ਬੰਨ੍ਹੀ ਪ੍ਰਬੰਧਕਾਂ ਦੀਆਂ ਚਾਲਾਂ ਵਿਚ ਘਿਰਿਆ, ਸਵਾਰੀਆਂ ਦੀ ਭਰੀ-ਭਰਾਈ ਬੱਸ ਨੂੰ ਕਿਸੇ ਅੰਨ੍ਹੀ ਗੁਫ਼ਾ ਵਲ ਭਜਾਈ ਲਈ ਜਾ ਰਿਹਾ ਹੈ?

......ਹੁਣ ਤਾਂ ਏਸ ਬੱਸ ਦਾ ਰੱਬ ਹੀ ਰਾਖਾ ਹੈ....'।

ਆਖਕੇ ਬੁੱਢਾ ਡਰਾਈਵਰ ਬੇਬਸ ਹੋ ਕੇ ਬਹਿ ਗਿਆ ਤੇ ਫਿਰ ਨਹੀ ਬੋਲਿਆ।

......1990

Scanned by CamScanner

# ਪੁਲਸੀਏ ਪੁਲਸੀਏ

ਚੁਰੰਗੀ ਰੋਡ ਦਾ ਧਰਮ ਤਲਾ ਕਰਾਸਿੰਗ ਮੈਂ ਤੇਜ਼ੀ ਨਾਲ ਪਾਰ ਕਰ ਜਾਣਾ ਚਾਹਿਆ। ਬੱਤੀ ਹਰੀ ਸੀ। ਪਰ ਇਕ ਟਰੈਫ਼ਿਕ ਸਿਪਾਹੀ ਦੋਵੇਂ ਬਾਹਾਂ ਪਸਾਰ ਕੇ ਮੇਰੇ ਸਾਹਮਣੇ ਲਾਲ ਬੱਤੀ ਬਣ ਖਲੋਤਾ। ਗੱਡੀ ਅਚਾਨਕ ਰੋਕਣੀ ਪਈ। ਕਈ ਵਾਰ ਸਿਪਾਹੀ ਹੇਠਾਂ ਅੰਦਰ ਤੂੰ ਵੀ ਨਹੀਂ ਡਰਦੇ। ਆਦਮੀ ਦੇ ਸਾਹਾਂ ਵਾਂਗ ਗੱਡੀ ਦੇ ਬਰੇਕਾਂ ਦਾ ਵੀ ਕੀ ਭਰੋਸਾ ਹੈ?

—ਨਮਸਕਾਰ ਸਾਹਿਬ—।' ਵਿਅੰਗ ਰਲੀ ਜਿਹੀ ਮੈਂ ਸਲਾਮ ਕੀਤੀ ਤੇ ਹੈਰਾਨ ਹੋ ਕੇ ਅੱਗੇ ਪਿੱਛੇ ਵੇਖਿਆ—'ਕਿਧਰੇ ਕੋਈ ਗ਼ਲਤੀ ਤਾਂ ਨਹੀਂ ਹੋ ਗਈ, ਮੇਰੇ ਕੋਲੋਂ—?'

—ਦੇਖ ਨਹੀਂ ਸਕਦਾ ਤੂੰ—?' ਉਸਦੀ ਵਰਦੀ ਦੀਆਂ ਫੀਤੀਆਂ ਬੋਲੀਆਂ ਤੇ ਉਸਨੇ ਸੜਕ ਉੱਪਰ ਬਣੀਆਂ ਜ਼ੈਬਰਾ ਲਾਈਨਾਂ ਵੱਲ ਇਸ਼ਾਰਾ ਕੀਤਾ। ਮੈਂ ਦੇਖਿਆ, ਪਰ ਸਮਝ ਕੁਝ ਨਹੀਂ ਆਇਆ। ਗੱਡੀ ਠੀਕ ਉੱਥੇ ਹੀ ਰੁਕੀ ਸੀ, ਜਿੱਥੇ ਰੁਕਣੀ ਚਾਹੀਦੀ ਸੀ। ਹਾਂ, ਜੇ ਸਿਪਾਹੀ ਮੂਹਰੇ ਨਾ ਅੜਦਾ, ਫੇਰ ਸ਼ਾਇਦ ਫੁੱਟ ਦੋ ਫੁੱਟ ਅੱਗੇ ਲੰਘ ਜਾਂਦੀ ਜਾਂ ਹੋ ਸਕਦੈ ਮੈਂ ਰਸਤਾ ਹੀ ਪਾਰ ਕਰ ਜਾਂਦਾ। ਮੈਂ ਉਸ ਵੱਲ ਝਾਕਿਆ, ਜਿਵੇਂ ਪੁੱਛ ਰਿਹਾ ਹੋਵਾਂ—'ਕੀ ਗ਼ਲਤੀ ਹੋ ਗਈ—? ਉਹ ਸਮਝ ਗਿਆ, ਬੋਲਿਆ,—'ਐਂ ਦੇਖਣ ਨਾਲ ਕੀ ਹੋਊਗਾ, ਅੱਖਾਂ ਖੋਲ੍ਹ ਕੇ ਗੱਡੀ ਨਹੀਂ ਚਲਾਉਂਦਾ ਤੂੰ—? ਮੈਂ ਦੇਖ ਰਿਹਾ, ਤੂੰ ਪਿੱਛੇ ਤੋਂ ਹੀ ਏਸ ਲਾਈਨ ਦੇ ਉੱਪਰ ਉੱਪਰ ਗੱਡੀ ਲਿਆ ਰਿਹਾ ਸੈਂ—।' ਸੜਕ ਨੂੰ ਅੱਧ ਵਿਚਕਾਰੋਂ ਚੀਰਦੀ ਪੱਟੀ ਵੱਲ ਉਸਨੇ ਇਸ਼ਾਰਾ ਕੀਤਾ। ਗੱਡੀ ਦੇ ਚੱਕੇ ਠੀਕ ਹੀ ਉਸ ਲਾਈਨ ਉੱਪਰ ਸਨ। ਪਰ ਆਪਣੇ ਹੱਥ ਠੀਕ ਹੀ ਸਨ। ਮੇਰੇ ਪਿੱਛੇ ਗੱਡੀਆਂ ਦੀ ਲੰਮੀ ਲਾਈਨ ਲੱਗ ਗਈ ਸੀ। ਕਈ ਕਾਹਲੇ ਬੈਕ ਕਰਕੇ ਪਾਸੇ ਦੀ ਲੰਘ ਰਹੇ ਸਨ। ਇਹੋ ਜਿਹੇ ਸ਼ਹਿਰ ਵਿਚ ਉਡੀਕਣ ਦਾ ਸਮਾਂ ਕਿਸ ਕੋਲ ਹੁੰਦਾ ਹੈ? ਸਿਪਾਹੀ ਬੋਲਿਆ—'ਤੈਨੂੰ ਏਸ ਲਾਈਨ ਦੇ ਅੰਦਰ ਗੱਡੀ ਲਿਆਉਣੀ ਚਾਹੀਦੀ ਸੀ। ਜੇ ਏਥੇ ਕੋਈ ਆਦਮੀ ਖੜ੍ਹਾ ਹੁੰਦਾ ਤਾਂ? ਜੇ ਉਹ ਏਸ ਦੇ ਹੇਠਾਂ ਆ ਜਾਂਦਾ ਤਾਂ—? ਜੇ ਉਹ ਮਰ ਜਾਂਦਾ ਤਾਂ—?" ਉਸਨੇ ਇਸ ਤਰ੍ਹਾਂ ਮੂੰਹ ਬਣਾਇਆ, ਜਿਵੇਂ ਸੱਚਮੁੱਚ ਹੀ ਕੋਈ ਗੱਡੀ ਦੇ ਹੇਠਾਂ ਆ ਕੇ ਮਰ ਗਿਆ ਹੋਵੇ।

—ਠੀਕ ਹੈ ਸਾਹਿਬ, ਮੈਂ ਗੱਡੀ ਪਿੱਛੇ ਲੈ ਜਾਂਦਾ ਹਾਂ, ਤੂੰ ਮੈਨੂੰ ਏਸ ਲਾਈਨ ਦੇ ਉੱਪਰ ਉੱਪਰ ਗੱਡੀ ਚਲਾ ਕੇ ਦਿਖਾ ਤਾਂ ਜਾਣਾ—'ਮੇਰੇ ਚਿਹਰੇ ਉੱਪਰਲਾ ਚੈਲੰਜੀ-ਵਿਅੰਗ ਤਾੜਕੇ ਉਹ ਭੜਕ ਪਿਆ। ਸ਼ਾਇਦ ਗੱਡੀ ਚਲਾਉਣੀ ਨਹੀਂ ਆਉਂਦੀ ਹੋਵੇਗੀ ਉਸਨੂੰ।

ਆਪਣੀ ਤੌਹੀਨ ਸਮਝਦਿਆਂ, ਉਹਨੇ ਵਰਦੀ ਦਾ ਸਹਾਰਾ ਲਿਆ; ਮੇਰੀ ਇਕ ਨਾ ਸੁਣੀ, ਜ਼ਬਰਦਸਤੀ ਲਾਇਸੰਸ ਖੋਹਿਆ ਤੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਦਾ ਚਲਾਨ ਕਰ ਦਿੱਤਾ। ਨਾਲ ਦੀ ਨਾਲ ਉਹ ਧਮਕੀ ਵੀ ਦਿੰਦਾ ਰਿਹਾ—'ਵਰਦੀ ਦਾ ਮਜ਼ਾਕ ਉਡਾਉਂਦੈ—ਬੱਚੂ, ਕੋਰਟ ਜਾ ਕੇ ਪਤਾ ਲੱਗੂ।'



Scanned by CamScanner

ਕੁਝ ਦਿਨ ਹੋਏ ਅਜਿਹੀ ਹੀ ਇਕ ਘਟਨਾ, ਜਗਰਾਵਾਂ ਦੇ ਨੇੜੇ ਵਾਪਰੀ। ਮਿਟਾਡੋਰ ਰਾਹੀ ਇਕ ਬਜ਼ੁਰਗ ਦੇ ਭੋਗ ਤੇ ਚੌਂਕਣ ਗਏ ਸਾਂ। ਵਾਪਸੀ ਵੇਲੇ ਟਰੈਫਿਕ ਵਾਲਿਆਂ ਦੀ ਜੀਪ ਨੇ ਘੇਰ ਲਿਆ।

—ਥੱਲੇ ਉਤਰ ਉਏ ਰਾਟੀਕੀਨਾਂ—ਡੋਲੇ ਉਪਰ ਚਿੱਟੀ ਲਾਲ ਪੱਟੀ ਬੰਨ੍ਹੀ ਵਾਲੇ ਸਿਪਾਹੀ ਨੇ ਰੋਹਬ ਮਾਰਿਆ।

—ਸਰਦਾਰ ਜੀ, ਮਕਾਣ ਜਾ ਕੇ ਆਏ ਆਂ। ਦੇਖ ਲੋ ਸਵਾਰੀਆਂ ਨੂੰ, ਸੋਹ ਮਹਾਰਾਜ ਦੀ, ਨੇਮ ਢਕਾ ਲੋ—।' ਡਰਾਈਵਰ ਸੀਟ 'ਤੇ ਬੈਠਾ ਹੀ ਮਿੰਨਤਾਂ ਕਰਨ ਲੱਗਾ।

—ਮੈਂ ਚੌਂਪੜ ਮਾਰੂੰ ਸਾਲੇ ਦੇ, ਹੇਠਾਂ ਉਤਰ—।' ਸਿਪਾਹੀ ਮਾਰਨ ਲਈ ਅਹੁਲਿਆ।

ਉਦੋਂ ਹੀ ਉਸਦੇ ਨਾਲ ਦਾ ਸਿਪਾਹੀ ਆ ਕੇ ਸਵਾਰੀਆਂ ਗਿਣਨ ਲੱਗਾ। ਅਸੀ ਸਣੇ ਡਰਾਈਵਰ ਚੌਦਾਂ ਜਣੇ ਸਾਂ।

—ਕਿੰਨੀਆਂ ਸਵਾਰੀਆਂ ਦੀ ਪਾਸ ਐ ਉਏ—।' ਦੂਸਰਾ ਸਿਪਾਹੀ ਇਉਂ ਬੋਲਿਆ ਜਿਵੇਂ ਡਰਾਈਵਰ ਦੇ ਕਿਸੇ ਵੱਡੇ ਗੁਨਾਹ ਦਾ ਉਸ ਨੂੰ ਪਤਾ ਲੱਗ ਗਿਆ ਹੋਵੇ। ਜਾਪਿਆ ਉਹ ਡਰਾਈਵਰ ਦੇ ਖਨੂੰਨ ਮਾਰੇਗਾ।

—ਆਹ ਮਾਲਕ ਬੈਠੇ ਜੀ, ਪੁੱਛ ਲੋ।' ਡਰਾਈਵਰ ਨੇ ਮਾਲਕ ਵੱਲ ਇਸਾਰਾ ਕੀਤਾ।

—ਜੇ ਆਵਦੀ ਗੱਡੀ 'ਚ ਘਰ ਦੇ ਬੰਦੇ ਨ੍ਹੀ ਜਾ ਸਕਦੇ, ਏਹਦਾ ਫੈਦਾ ਕੀ ਐ—?' ਮਾਲਕ ਹਰਖਿਆ ਬੈਠਾ ਸੀ।

—ਏਹਦੇ, ਤੇ ਪਿਕਨਿਕ ਮਨੌਣੀ ਜਰੂਰੀ ਐ—? ਕੌਰਮਿਟ ਦੀਆਂ ਬੱਸਾਂ ਨ੍ਹੀ ਚਲਦੀਆਂ-? ਪਹਿਲਾ ਸਿਪਾਹੀ ਫੇਰ ਗਾਲ੍ਹ ਕੱਢਣ ਵਾਂਗ ਬੋਲਿਆ।

—ਵੇ ਵੀਰਾ ਮਕਾਣ ਜਾ ਕੇ ਆਈਐ। ਥੋਨੂੰ ਚਿੱਟੀਆਂ ਚੁੰਨੀਆਂ ਨੀ ਦੀਹਦੀਆਂ—ਮੋਕਾ-ਕਮੋਕਾ ਤਾਂ ਦੇਖੋ ਭਾਈ।' ਇਕ ਦੋਹ ਤੀਵੀਆਂ ਨੇ ਰਲਵੀ ਘੁਸਰ-ਮੁਸਰ ਜਿਹੀ ਕੀਤੀ।

—ਵਿਆਹ ਵੇਲੇ ਕਿਹੜਾ ਤੁਸੀ ਸਾਨੂੰ ਨੱਚ ਕੇ ਦਿਖਾ ਜਾਨੀਐ।' ਤੇ ਉਹ ਡਰਾਈਵਰ ਵੱਲ ਹੋਇਆ।

'ਏਹਨਾਂ ਬੇੜੀ ਜ਼ੁਬਤਿਆਂ ਨੂੰ ਨ੍ਹੀ ਕੋਈ ਸਰਮ ਹਯਾ—। ਏਹ ਤਾਂ ਘਰੇ ਮਾਵਾਂ ਨਾਲ ਵੀ ਐ ਬੋਲਦੇ ਹੋਣਗੇ—।' ਕਈ ਘੁਤ ਘੁਤ ਕਰਨ ਲੱਗੀਆਂ।

—ਜਾਣ ਦਿਓ ਸਰਦਾਰ ਜੀ—।' ਉਧਰ ਡਰਾਈਵਰ ਤਰਲੇ ਕਰ ਰਿਹਾ ਸੀ।

—ਚੱਲ ਯਾਰ ਸਾਹਬ ਕੋਲ ਲੈ ਚੱਲ ਏਹਨੂੰ, ਕਿਉਂ ਦਮਾਗ ਖਰਾਬ ਕਰਦੈ—' ਕੁਝ ਨਾ ਝੜਦਾ ਵੇਖ ਕੇ ਦੂਸਰੇ ਸਿਪਾਹੀ ਨੇ ਆਪਣੇ ਗਲੋਂ ਬਲਾ ਲਾਹੁਣੀ ਚਾਹੀ।

ਫਿਰ ਉਹ ਕਾਗਜ਼ ਲੈ ਕੇ, ਡਰਾਈਵਰ ਨੂੰ ਡੌਲਿਉਂ ਫੜ ਕੇ ਜੀਪ ਵਿਚ ਬੈਠੇ ਸਾਹਬ ਕੋਲ ਲੈ ਗਏ! ਗੱਡੀ ਵਿਚੋਂ ਉਤਰ ਕੇ ਮੈਂ ਵੀ ਨਾਲ ਹੋ ਤੁਰਿਆ।

ਸਾਹਬ ਦੇ ਨੱਕ ਵਿਚੋਂ ਪਹਿਲਾਂ ਹੀ ਠੂੰਹੇਂ ਡਿੱਗਦੇ ਸਨ। ਲਗਦਾ ਸੀ ਜਿਵੇਂ ਉਹਨਾਂ ਦੀ ਦੁਕਾਨਦਾਰੀ ਦਾ ਅਜੇ ਬੋਹਣੀ-ਵੱਟਾ ਵੀ ਨਹੀਂ ਸੀ ਹੋਇਆ।

—ਦਸਾਂ ਸਵਾਰੀਆਂ ਦੀ ਪਾਸ ਐ ਜੀ, ਚੌਦਾਂ ਬੈਠੇ ਐ—।' ਇਕ ਸਿਪਾਹੀ ਨੇ ਸਾਹਬ ਨੂੰ ਗੱਡੀ ਦੇ ਕਾਗਜ਼ ਫੜਾਉਂਦਿਆਂ ਕਿਹਾ।

ਡਰਾਈਵਰ ਹੱਥ ਜੋੜੀ ਬੋਲਿਆ—'ਤੁਸੀ ਮੇਰੀ ਗੱਡੀ ਦਾ ਕਿਲੋਮੀਟਰ ਵੇਖ ਲੋ, ਇਹ ਗੱਡੀ ਤਾਂ ਭਾੜੇ ਤੇ ਚਲਦੀ ਹੀ ਨਹੀਂ—।'



Scanned by CamScanner

—ਤੈਨੂੰ ਵੀਹ ਵੇਰੀ ਫੜਿਐ, ਸਾਲਾ ਭਾੜੇ ਦਾ—।' ਸਾਹਬ ਕਾਗਜ਼ ਘੋਖਣ ਲੱਗਾ। ਏਨੇ ਵਿਚ ਇਕ ਪਰਾਈਵੇਟ ਕੰਪਨੀ ਦੀ ਬੱਸ, ਅੰਦਰੋਂ ਉਪਰੋਂ ਲੱਦੀ ਖਲਿਆਰ ਲਈ ਤੇ ਇਕ ਦੂਹਰੀ ਸਵਾਰੀ ਵਾਲਾ ਮੋਟਰ ਸਾਈਕਲ ਰੁਕਵਾ ਲਿਆ...। ਸ਼ਾਇਦ ਅੱਤਵਾਦੀ ਅਤਿਕੇ ਆ ਜਾਣ...ਨਾਮ ਵੀ 'ਹੋਊਗਾ ਤੇ ਰੁਤਬਾ ਵੀ...। ਸਾਰਿਆਂ ਦਾ ਧਿਆਨ ਉਧਰ ਜ਼ਿਆਦਾ ਖਿੱਚਿਆ ਗਿਆ। ਸਾਹਬ ਨੇ ਇਕ ਸਿਪਾਹੀ ਨੂੰ ਕਿਹਾ—'ਦਫ਼ਾ ਕਰ ਏਹਨੂੰ, ਨਾਲੇ ਏਹਦਾ ਨੰਬਰ ਨੋਟ ਕਰ। ਫੇਰ ਸਹੀ, ਜੇ ਐਤਕੀ ਫੜ ਲਿਆ ਨਾ...ਦੇਊ ਤੇਰੀ ਮਾਂ ਦੀ...। ਪਹਿਲਾਂ ਲੰਮਾਂ ਪਾਊ ਤੈਨੂੰ ਫੇਰ ਅੰਦਰ ਕਰੂੰ...।'

ਗੱਡੀ ਦੇ ਕਾਗਜ਼ ਫੜ ਕੇ ਡਰਾਈਵਰ ਨੇ ਪਿਛੇ ਤੇ ਕੇ ਨਹੀ ਵੇਖਿਆ।

.......................

ਬੰਗਾਲ ਵਿਚ, ਪਿਛਲੇ ਪੰਦਰਾਂ ਸਾਲਾਂ ਤੋਂ ਗੱਡੀ ਚਲਾਉਂਦਿਆਂ ਬਥੇਰੇ ਪੁਲਸੀਆਂ ਨਾਲ ਵਾਹ ਪਿਆ ਹੈ। ਉਹ ਕਦੇ ਵੀ ਐਨਾ ਰੁੱਖਾ ਨਹੀ ਬੋਲਦੇ। ਜਿਵੇਂ, ਲਖਨਊ ਵਾਲੇ ਸੁਣਿਆ ਹੈ, ਗਾਲ੍ਹ ਵੀ ਬੜੇ ਸਲੀਕੇ ਨਾਲ ਕੱਢਦੇ ਹਨ—'ਭਾਈ ਸਾਹਬ, ਆਪ ਪੱਕੇ ਬਹਿਨ ਕੇ ਯਾਰ ਹੋ—।' ਇਵੇਂ 'ਸਾਲਾ' ਬੰਗਾਲੀਆਂ ਦੀ ਬੜੀ ਪਿਆਰੀ ਗਾਲ੍ਹ ਹੈ। ਆਪਣੇ ਘਰਾਂ ਵਿਚ ਬੰਗਾਲੀ, ਮਾਂ ਪਿਉ, ਭੈਣ ਭਰਾ ਸਭ ਨੂੰ ਮੋਹ ਨਾਲ ਸਾਲਾ ਆਖ ਦਿੰਦੇ ਹਨ। ਫਿਰ ਜੇ ਪੁਲਸੀਆ ਸਾਲਾ ਕਹਿ ਦਏ ਤਾਂ ਇੰਨਾ ਗੁੱਸਾ ਨਹੀ ਕਰਦੇ। ਏਥੇ ਪੰਜਾਬ ਵਿਚ ਪੁਲਸੀਆਂ ਦਾ ਵਤੀਰਾ ਵੇਖ ਕੇ ਗੱਡੀ ਚਲਾਉਣ ਦਾ ਹੀਆ ਹੀ ਨਹੀ ਪੈਂਦਾ।

ਫਿਰ ਵੀ ਇਹ ਜਮਾਤ, ਕਿਸੇ ਰਾਜ ਦੀ ਵੀ ਹੋਵੇ ਇਹਨਾਂ ਦਾ ਕੰਮ ਸਿਰਫ਼ ਵਿਘਨ ਪਾਉਣਾ ਹੁੰਦਾ ਹੈ। ਕਾਨੂੰਨ ਦੀ ਉਲੰਘਣਾ ਹੋਈ ਹੋਵੇ, ਭਾਵੇਂ ਨਾ ਹੋਈ ਹੋਵੇ, ਇਹਨਾਂ ਨੇ ਆਪਣੀ ਅਹਿਮੀਅਤ ਜਤਾਉਣੀ ਹੁੰਦੀ ਹੈ। ਏਸੇ ਕਰਕੇ ਇਹ ਮਹਿਕਮਾ ਆਮ ਲੋਕਾਂ ਲਈ ਹਊਆ ਬਣਿਆ ਹੋਇਆ ਹੈ।

.......................

ਸਾਹਿਤ ਵਿਚ ਵੀ ਇਕ ਵਿਸ਼ੇਸ਼ ਵਿਭਾਗ ਹੈ। ਇਹਨਾਂ ਪੁਲਸੀਆਂ ਦਾ ਵਤੀਰਾ ਵੇਖ ਕੇ ਝੱਟ ਉਹਨਾਂ ਦਾ ਖ਼ਿਆਲ ਆ ਜਾਂਦਾ ਹੈ। ਸਾਹਿਤਕ ਸਫ਼ਰ ਦੀਆਂ ਸੜਕਾਂ ਦੇ ਹਰ ਪੜਾਅ ਤੇ, ਹਰ ਮੋੜ ਤੇ, ਹਰ ਮੰਜ਼ਿਲ ਤੇ, ਕੁਝ ਟਰੈਫ਼ਿਕ ਸਿਪਾਹੀ 'ਕਿੱਤੂ' ਬਣੇ ਖੜ੍ਹੇ ਦਿਸਦੇ ਹਨ। ਇਹ ਵੀ ਹਰ ਆਉਂਦੇ ਜਾਂਦੇ ਨੂੰ ਘੇਰਦੇ ਹਨ। ਇਸ ਸਫ਼ਰ ਦੇ ਨਵੇਂ ਰਾਹੀਆਂ ਨੂੰ ਤਾਂ ਇਹ ਪਗਡੰਡੀਆਂ ਉਪਰ ਵੀ ਤੁਰਨ ਨਹੀ ਦਿੰਦੇ, ਤੇ ਜਿਹੜਾ ਇਹਨਾਂ ਨੂੰ ਚੋਗਾ ਖਲਾਰ ਦਿੰਦਾ ਹੈ, ਉਸਨੂੰ ਭਾਵੇਂ ਚੱਲਣ ਦਾ ਵਲ ਵੀ ਨਾ ਆਉਂਦਾ ਹੋਵੇ, ਇਹ ਟੀਸੀ ਤੇ ਚੜ੍ਹਿਆ ਵਿਖਾ ਦਿੰਦੇ ਹਨ।

ਜਿਹੜਾ ਰਾਹੀ ਇਹਨਾਂ ਦੇ ਦਾਅ-ਪੇਚ ਹੇਠ ਨਹੀ ਆਉਂਦਾ, ਉਸ ਤੇ ਅਜਿਹਾ ਰਗੜਾ ਫੇਰਦੇ ਹਨ, ਜਿਵੇਂ ਉਸਨੂੰ ਜੀਵਨ-ਜਾਚ ਹੀ ਨਾ ਆਉਂਦੀ ਹੋਵੇ।

—ਤੈਨੂੰ ਆਪਣੀ ਰਚਨਾ ਦੀ ਆਪ ਹੀ ਸੋਝੀ ਨਹੀ। ਏਹਦੇ ਵਿਚੋਂ ਪ੍ਰਾਪੇਗੰਡੇ ਦੀ ਬੋਅ ਆਉਂਦੀ ਹੈ।

—ਤੈਨੂੰ ਮਾਰਕਸਵਾਦ ਪੜ੍ਹਨਾ ਚਾਹੀਦਾ ਹੈ।
—ਤੇਰੀ ਵਿਚਾਰਧਾਰਾ ਸਮਾਜਵਾਦੀ ਨਹੀ।
—ਤੇਰਾ ਦ੍ਰਿਸ਼ਟੀਕੋਣ ਕੋਈ ਨਹੀ।
—ਤੈਨੂੰ ਪ੍ਰਤੀਬੱਧ ਹੋਣਾ ਚਾਹੀਦਾ ਹੈ।



Scanned by CamScanner

—ਤੂੰ ਸਰਮਾਏਦਾਰਾਂ ਦਾ ਦੁੰਮ-ਛੱਲਾ ਹੈਂ।

—ਤੂੰ ਲੋਕਾਂ ਨਾਲੋਂ ਟੁੱਟਿਆ ਹੋਇਆ ਹੈਂ।

—ਤੂੰ ਸਰਕਾਰੀ ਪੁਤੂ ਹੈਂ—

ਦੋਵੇਂ ਤਰ੍ਹਾਂ ਦੇ ਇਹ 'ਪੁਲਸੀਏ' ਅਸਲ ਵਿਚ ਇਕ ਦੂਸਰੇ ਤੋਂ ਭਿੰਨ ਨਹੀਂ ਹਨ। ਸੜਕਾਂ ਵਾਲੇ ਆਪਣੇ ਪੇਸ਼ੇ ਤੋਂ ਮਜਬੂਰ ਹੁੰਦੇ ਹਨ, ਤੇ ਦਬਕਾ ਮਾਰਨ ਲਈ ਸਰਕਾਰੀ ਵਰਦੀ ਹੁੰਦੀ ਹੈ। ਸਾਹਿਤਕ ਪੁਲਸੀਏ ਆਪਣੀ ਹਉਮੈ ਤੋਂ ਮਜਬੂਰ ਹੁੰਦੇ ਹਨ ਤੇ ਰੋਹਬ ਲਈ ਇਹਨਾਂ ਕੋਲ ਡਿਗਰੀਆਂ ਹੁੰਦੀਆਂ ਹਨ।

ਖੂਹ ਵਿਚ ਇੱਟ ਡਿੱਗਣ ਵਾਂਗ, ਦੋਹਾਂ ਦੇ ਅੜਿੱਕੇ ਚੜ੍ਹਕੇ, ਸੁੱਕਾ ਬਚ ਨਿਕਲਣ ਦੀ ਘੱਟ ਹੀ ਆਸ ਹੁੰਦੀ ਹੈ।

Scanned by CamScanner

# ਪੈਰ ਚੱਕਰ

ਅਸੀ ਟਰੱਕਾਂ ਚੌਂਕੀਆਂ ਵਾਲੇ, ਨਿੱਤ ਚੜ੍ਹਦੀ ਸਵੇਰ ਨਵੇਂ ਪੈਂਡਿਆਂ, ਨਵੇਂ ਚੱਕਰਾਂ ਤੇ ਨਵੀਆਂ ਮੰਜ਼ਲਾਂ ਦੇ ਰਾਹ ਪੈਂਦੇ ਹਾਂ। ਕਾਫਲ ਜਾਏ ਨਿੱਤ ਮੁਹਿੰਮਾਂ ਵਾਂਗ ਤੁਰਦੇ ਰਹਿਣਾ ਹੀ ਸਾਡਾ ਜੀਵਨ ਹੈ, ਰੋਜ਼ੀ ਹੈ। ਜਿਵੇਂ ਆਜੜੀ ਮੀਂਹ ਨਹੀ ਮੰਗਦੇ, ਉਵੇਂ ਖਤੀਤ ਸਾਨੂੰ ਨਹੀ ਪੋਂਹਦੀ।

ਇਸ ਵਿਚ ਅਭਿਮਾਨ ਬਿਲਕੁਲ ਨਹੀ ਹੈ, ਅਸੀ ਮੋਈਆਂ ਸੜਕਾਂ ਨੂੰ ਜਨਮ ਦਿੰਦੇ ਹਾਂ। ਕਈ ਵਾਰ ਨਵੇਂ ਰਾਹ ਸਿਰਜਦੇ ਹਾਂ ਤੇ ਜਿਹੜਾ ਕੌਤਕਾਂ ਭਰਿਆ ਜੀਵਨ ਅਸੀ ਹੰਢਾਉਂਦੇ ਹਾਂ, ਕੋਈ ਸਿਰ ਫਿਰਿਆ ਵਿਰਲਾ ਹੀ ਅਜਿਹਾ ਜੀਵਨ ਹੰਢਾ ਸਕਦਾ ਹੈ।

ਸਾਡੇ ਰਾਹੂਆਂ ਪੀਰਾਂ ਦੀਆਂ ਉਦਾਸੀਆਂ ਦਾ ਕਿੰਨਾ ਕੁ ਸੱਚ ਤੇ ਕਿੰਨਾ ਕੁ ਝੂਠ ਸਾਡੇ ਤੱਕ ਅਪੜਿਆ ਹੈ—ਇਸਦਾ ਕੁਝ ਪਤਾ ਨਹੀ। ਪਰੰਤੂ, ਜੇ ਰੁੱਖ ਭਾਖਿਆ ਦਿੰਦੇ ਹੁੰਦੇ ਤੇ ਸੜਕਾਂ ਗਵਾਹੀ ਭਰਦੀਆਂ ਤਾਂ ਸਾਡੀਆਂ ਉਦਾਸੀਆਂ ਦਾ ਸੱਚ ਜ਼ਰੂਰ ਲੋਕਾਂ ਕੋਲ ਅਪੜਿਆ ਹੁੰਦਾ।

ਸਾਰੇ ਉੱਤਰੀ ਭਾਰਤ ਦੀ ਚੱਪਾ ਚੱਪਾ ਧਰਤੀ ਟੋਹੀ ਹੈ। ਕਈ ਵਾਰ ਸੋਚਦਾ ਹਾਂ, ਜੇ ਲਿਖਣਾ ਹੀ ਪੇਸ਼ਾ ਹੁੰਦਾ ਤਾਂ ਪਾਠਕਾਂ ਮੂਹਰੇ ਇਕ ਨਵਾਂ ਸੰਸਾਰ ਸਿਰਜਦਾ। ਪਰ ਰੋਟੀ ਤਾਂ ਚਹੁੰ ਚੱਕਿਆਂ ਦੇ ਘੁੰਮਿਆਂ ਹੀ ਮਿਲਦੀ ਹੈ ਤੇ ਘੁੰਮਦੇ ਚੱਕਿਆਂ ਦੇ ਦੌਰ ਵਿਚ ਕਲਮ ਲਈ ਕਿਧਰੇ ਵੀ ਸੁਰੱਖਿਅਤ ਥਾਂ ਨਹੀ ਰਹਿ ਜਾਂਦੀ। ਆਪਣੀ ਕਲਮ ਦਾ ਇਹ ਭਵਿੱਖ ਵੇਖ ਕੇ ਕਈ ਵਾਰ ਡਰ ਵੀ ਆਉਂਦਾ ਹੈ।

ਅਨੇਕਾਂ ਕਬੀਲਿਆਂ ਦੇ ਲੋਕਾਂ ਨਾਲ ਵਾਹ ਪੈਂਦਾ ਰਹਿੰਦਾ ਹੈ। ਉਹਨਾਂ ਨੂੰ ਪਰਖੀਦਾ ਵੀ ਹੈ। ਪਰ ਪੰਜਾਬੀ ਜਿਥੇ ਜਾਂਦੇ ਹਨ, ਜੰਗਲ ਵਿਚ ਮੰਗਲ ਲਾ ਦਿੰਦੇ ਹਨ। ਟਰੱਕਾਂ ਵਿਚ ਟੇਪਾਂ ਖੜਕਦੀਆਂ ਹਨ। ਹਨ੍ਹੇਰੀਆਂ ਰਾਤਾਂ ਵਿਚ ਬੋਲਦਾ "ਛੜੇ ਦਾ ਬੁਰਗਾੜੂ" ਜਿਨ ਭੂਤਾਂ ਨੂੰ ਵੀ ਭਜਾ ਦਿੰਦਾ ਹੈ। ਇਹਨਾਂ ਵਰਗਾ ਪਿਆਰ ਵੀ ਕੋਈ ਕਰ ਨਹੀ ਸਕਦਾ ਤੇ ਇਹਨਾਂ ਵਰਗੀ ਨਫ਼ਰਤ ਵੀ ਕਿਸੇ ਦੇ ਹਿੱਸੇ ਨਹੀ ਆਈ। ਹੁਣੇ ਜਾਮ ਟਕਰਾ ਕੇ ਪੱਗਾਂ ਵਟਾਂਦੇ ਹਨ ਤੇ ਅਗਲੇ ਪਲ ਪਤਾ ਨਹੀ ਕਿਹੜੇ ਵੇਲੇ ਗੰਡਾਸੇ ਜਾਂ ਗੋਲੀਆਂ ਚੱਲ ਸਕਦੀਆਂ ਹਨ।

ਜੰਗ ਵਿਚ ਲੜਦੇ ਫੌਜੀ ਵਾਂਗ ਸਾਡੇ ਜੀਵਨ ਦਾ ਭਰੋਸਾ ਨਹੀ ਹੁੰਦਾ। ਪਤਾ ਨਹੀ ਕਿਹੜੀ ਖੱਡ ਵਿਚ, ਕਿਸ ਮੋੜ ਤੇ ਮੌਤ ਇੰਤਜ਼ਾਰ ਕਰ ਰਹੀ ਹੁੰਦੀ ਹੈ, ਇਸ ਲਈ ਜਦੋਂ ਪੀਂਦੇ ਹਾਂ—ਮਨ ਭਾਉਂਦਾ ਖਾਂਦੇ ਹਾਂ ਤੇ ਮਨ ਆਈ ਕਰਦੇ ਹਾਂ—ਇਹੀ ਲਾਹੇ ਦਾ ਹੁੰਦਾ ਹੈ।

ਪਿੰਡੋਂ ਬਾਹਰ ਪੈਰ ਧਰਨ ਲੱਗਿਆਂ, ਪਹਿਲੀ ਉਦਾਸੀ ਸ਼ੁਰੂ ਹੋਈ ਸੀ ਤੇ ਅਜੇ ਤੱਕ ਇਸਦੀ ਵਾਪਸੀ ਨਹੀ ਹੋਈ। ਪਾਂਡੇ ਜੋਤਸ਼ੀਆਂ ਦਾ ਮੈਂ ਘਟ ਹੀ ਇਤਬਾਰ ਕਰਦਾ ਹਾਂ।



Scanned by CamScanner

ਬਹੁਤ ਪਹਿਲਾਂ ਇਕ ਜੋਤਸ਼ੀ ਨੇ ਜਬਰਦਸਤੀ ਹੱਥ ਵੇਖ ਕੇ ਆਖਿਆ ਸੀ—'ਤੂੰ ਪਰਦੇਸ ਦਾ ਸਫ਼ਰ ਕਰੇਗਾ, ਸਮੁੰਦਰ ਤੋਂ ਪਾਰ ਜਾਏਗਾ....। ਸਮੁੰਦਰ ਤੋਂ ਪਾਰ ਤਾਂ ਨਹੀਂ ਗਿਆ, ਸਮੁੰਦਰਾਂ ਦੇ ਕੰਢਿਆਂ ਤੇ ਭਟਕਦਾ ਜ਼ਰੂਰ ਹਾਂ। ਤੇ ਜੇ ਆਪਣੇ ਮੁਲਕ ਵਿਚ ਹੀ ਪਰਦੇਸ ਹੁੰਦਾ ਹੈ, ਤਾਂ ਮੈਂ ਪਰਦੇਸੀ ਦੀ ਜੂਨ ਵੀ ਭੋਗ ਰਿਹਾ ਹਾਂ।

ਪਹਿਲੀ ਉਦਾਸੀ ਦਾ ਇਹ ਦੌਰ ਇੰਨੀਆਂ ਘਟਨਾਵਾਂ ਭਰਿਆ ਹੈ ਜੇ ਲਿਖਣ ਲੱਗਾਂ, ਇਕ ਗ੍ਰੰਥ ਬਣ ਸਕਦਾ ਹੈ। ਪਰ ਕੁਝ ਅਜਿਹੇ ਅਭੁੱਲ ਹਾਦਸੇ ਹਨ (ਸਾਖੀਆਂ ਹਨ) ਜਿਨ੍ਹਾਂ ਨੂੰ ਯਾਦ ਕਰਿਆਂ ਹੁਣ ਵੀ ਲੂੰ ਕੰਡਾ ਖੜ੍ਹਾ ਹੋ ਜਾਂਦਾ ਹੈ।

ਇਕ ਰਾਤ, ਉੜੀਸਾ ਦੇ ਕਿਸੇ ਪਿੰਡ ਕੋਲ ਦੀ ਲੰਘ ਰਹੇ ਸਾਂ। ਅਚਾਨਕ ਇਕ ਅਲਫ਼ ਨੰਗੀ ਔਰਤ ਚੀਕਾਂ ਮਾਰਦੀ, ਬਾਹਾਂ ਖੜ੍ਹੀਆਂ ਕਰਕੇ ਸੜਕ ਦੇ ਵਿਚਕਾਰ ਆ ਖੜੀ। ਉਹ ਮਰਨਾ ਚਾਹੁੰਦੀ ਸੀ ਜਾਂ ਬਹਾਨੇ ਨਾਲ ਟਰੱਕ ਰੋਕਣਾ ਚਾਹੁੰਦੀ ਸੀ, ਅਸੀਂ ਕੁਝ ਨਾ ਸਮਝ ਸਕੇ। ਹੈੱਡ ਲਾਈਟਾਂ ਦੀ ਤੇਜ਼ ਰੌਸ਼ਨੀ ਵਿਚ ਉਸਦਾ ਨਗਨ ਸਰੀਰ ਵੇਖ ਕੇ ਮੇਰੇ ਸਾਥੀਆਂ ਦੀਆਂ ਰਾਲਾਂ ਟਪਕ ਪਈਆਂ, ਉਹਨਾਂ ਦੀ ਭਾਸ਼ਾ ਵਿਚ ਰੱਬ ਵਲੋਂ ਭੇਜੀ ਸੁਗਾਤ ਨੂੰ ਛਕਿਆ ਜਾ ਸਕਦਾ ਸੀ। ਕੁਝ ਅਗਾਂਹ ਵਧਾ ਕੇ ਅਸੀਂ ਟਰੱਕ ਰੋਕ ਲਈ। ਜਾਇਜ਼ਾ ਲਿਆ, ਪਿਛੇ ਆਦਮੀ ਵਗੈਰਾ ਤਾਂ ਨਹੀਂ ਆ ਰਹੇ? ਇਹੋ ਜਿਹੇ ਬਹਾਨਿਆਂ ਨਾਲ ਗੱਡੀਆਂ ਵੀ ਲੁੱਟੀਆਂ ਜਾਂਦੀਆਂ ਹਨ। ਸਭ ਠੀਕ ਵੇਖ ਕੇ ਅਸੀਂ ਹੇਠਾਂ ਉਤਰ ਆਏ, ਹੁਣ ਉਹ ਗੋਡੀ ਮੂੰਹੀ ਹੋਈ ਸੜਕ ਕੰਢੇ ਬੈਠ ਗਈ ਤੇ ਰੋਣ ਲੱਗੀ। ਉਹ ਭਰ ਜੁਆਨ ਸੀ। ਸੁੰਦਰ ਤਾਂ ਨਹੀਂ ਸੀ ਲਗਦੀ, ਪਰ ਹਨ੍ਹੇਰੇ ਵਿਚ ਸਭ ਔਰਤਾਂ ਇਕੋ ਜਿਹੀਆਂ ਹੀ ਲਗਦੀਆਂ ਹਨ।

ਮੇਰੇ ਪੁੱਛਣ ਤੇ ਉਹ ਬੋਲੀ—'ਉਹ ਮੈਨੂੰ ਮਾਰ ਦੇਵੇਗਾ।'

—'ਕੌਣ?'

—'ਮੇਰਾ ਸੁਆਮੀ'—ਉਹ ਬੋਲੀ।

—'ਕਿਉਂ?'

—ਉਹ ਹਰ ਰੋਜ਼ ਦੋ ਤਿੰਨ ਆਦਮੀ ਲੈ ਕੇ ਔਂਦਾ ਏ–ਤੇ ਆਖਦਾ ਏ ਮੈਂ ਉਹਨਾਂ ਨਾਲ ਸਵਾਂ, ਉਹ ਉਸ ਨੂੰ ਸਰਾਬ ਪਲਾਂਦੇ ਹਨ, ਪੈਸੇ ਦਿੰਦੇ ਹਨ, ਹੁਣ ਉਸ ਨੂੰ ਪੰਚ ਬਨਾਉਣਗੇ—ਅੱਜ ਸੱਤ ਆਦਮੀ ਲੈ ਆਇਆ, ਆਖਦਾ ਏ ਮੇਰੀਆਂ ਵੋਟਾਂ ਹਨ—ਤਿੰਨ ਆਦਮੀ ਤਾਂ ਮੈਂ ਬਰਦਾਸਤ ਕਰ ਲਏ, ਤੇ ਪਿਸਾਬ ਕਰਨ ਦੇ ਬਹਾਨੇ ਭੱਜ ਆਈ—ਆਹ ਦੇਖੋ ਡਰੈਵਰ ਬਾਬੂ' ਅਸਾਂ ਦੇਖਿਆ ਫਿੱਕੀ ਚਾਨਣੀ ਵਿਚ ਉਸਦੀਆਂ ਗੱਲ੍ਹਾਂ, ਮੋਢਿਆਂ ਤੇ ਛਾਤੀਆਂ ਵਿਚੋਂ ਲਹੂ ਸਿੰਮ ਰਿਹਾ ਸੀ।

—ਮੈਨੂੰ ਬਚਾ ਲੋ ਡਰੈਵਰ ਬਾਬੂ—ਕਿਸੇ ਹੋਟਲ ਤੇ ਛੱਡ ਦਿਓ, ਮੈਂ ਭਾਂਡੇ ਮਾਂਜ ਲਵਾਂਗੀ—' ਉਹ ਗਿੜਗਿੜਾਈ, 'ਉਹ ਮੈਨੂੰ ਲਭਦੇ ਹੋਣਗੇ।' ਮੈਂ ਕੋਈ ਪੀਰ ਪੈਗੰਬਰ ਤਾਂ ਨਹੀਂ ਸਾਂ, ਪਰ ਅੰਦਰ ਇਕ ਪਸੀਜਣ ਵਾਲਾ ਦਿਲ ਹੈ। ਮੇਰੇ ਸਾਥੀਆਂ ਦੀਆਂ ਅੱਖਾਂ ਦੀ ਵਹਿਸ਼ੀਅਤ ਵੀ ਗੁਆਚ ਗਈ। ਅਸੀਂ ਗੱਡੀਆਂ ਵਾਲੇ—ਮਿੱਟੀ ਘੱਟਾ ਝਾੜਨ ਲਈ ਪੁਰਾਣੀਆਂ ਸਾੜ੍ਹੀਆਂ ਰੱਖਦੇ ਹੁੰਦੇ ਹਾਂ। ਉਸ ਨੂੰ ਪੁਰਾਣੀ ਸਾੜ੍ਹੀ ਦਿੱਤੀ—ਤੇ ਗੱਡੀ ਵਿਚ ਬਿਠਾ ਕੇ ਆਪਣੇ ਇਕ ਪਹਿਚਾਣ ਵਾਲੇ ਹੋਟਲ ਤੇ ਛੱਡ ਦਿੱਤਾ। ਸਾਡੇ ਵਾਪਸ ਆਉਣ ਤੇ ਉਹ ਉਥੇ ਨਹੀਂ ਸੀ। ਹੋ ਸਕਦੈ, ਉਥੇ ਵੀ ਕੁਝ ਅਜਿਹਾ ਵਾਪਰਿਆ ਹੋਵੇ। ਹੋਟਲ ਵਾਲੇ ਨੇ ਇੰਨਾ ਹੀ ਦੱਸਿਆ—ਇਕ ਰਾਤ ਅਚਾਨਕ ਚਲੀ ਗਈ।

.......................ਚਾਰ ਚਾਰ ਪੰਜ ਮਹੀਨੇ ਰਿਹਾ ਹਾਂ। ਹਰ
ਅਸਾਮ ਦੇ ਇਕ ਕਸਬੇ ਸਿਬਸਾਗਰ ਵਿਚ ਆਪਣੇ ਰਸਮੋ-ਰਿਵਾਜ ਹੁੰਦੇ ਹਨ। ਕਈ
ਕਬੀਲੇ ਦਾ ਆਪਣਾ ਸਭਿਆਚਾਰ ਹੁੰਦਾ ਹੈ। ਉਹਨਾਂ ਦੇ ਸਿਰਾਂ ਨੂੰ ਗਲਾਂ ਵਿਚ ਪਾ ਕੇ ਨੱਚਦੇ
ਆਦਿਵਾਸੀ—ਬੱਚਿਆਂ ਦੀ ਬਲੀ ਦੇ ਕੇ ਕਿਧਰੇ ਜ਼ਹਿਰੀਲੇ ਸੱਪਾਂ ਦੀਆਂ ਮੰਡੀਆਂ
ਹਨ—ਤਾਂ ਉਹਨਾਂ ਦਾ ਦੇਵਤਾ ਪ੍ਰਸੰਨ ਹੁੰਦਾ ਹੈ।
ਲਗਦੀਆਂ ਹਨ।

ਪਰ ਇਥੇ ਇਕ ਸਿਖਰ ਦੁਪਹਿਰ ਸਨਸਨੀ ਫੈਲ ਗਈ। ਇਕ ਆਦਮੀ ਇਕ ਹੱਥ
ਵਿਚ ਮਨੁੱਖ ਦਾ ਸਿਰ ਵਾਲਾਂ ਤੋਂ ਫੜੀ ਤੇ ਦੂਸਰੇ ਹੱਥ ਵਿਚ ਲਹੂ ਨਾਲ ਨੁਚੜਦਾ ਦਾਤਰ
ਫੜੀ, ਅਬਾ ਤਬਾ ਬੋਲਦਾ ਥਾਣੇ ਵੱਲ ਵਧਿਆ ਜਾ ਰਿਹਾ ਸੀ। ਉਸ ਤੋਂ ਕੁਝ ਵਿਥ ਤੇ
ਤ੍ਰੈ-ਭੀਤ ਹੋਏ ਪੰਜ ਸਤ ਆਦਮੀ ਸਹਿਮੇ ਜਿਹੇ ਉਸਦੇ ਪਿਛੇ ਆ ਰਹੇ ਸਨ। ਕੁਝ ਔਰਤਾਂ
ਵੇਖ ਕੇ ਚੀਕਾਂ ਮਾਰਦੀਆਂ ਰਾਹ ਛੱਡ ਗਈਆਂ। ਮਨੁੱਖ ਦੇ ਕੱਟੇ ਸਿਰ ਵਿਚੋਂ ਲਹੂ ਵਗ
ਰਿਹਾ ਸੀ, ਜਿਵੇਂ ਉਹ ਹੁਣੇ ਹੀ ਵਾਰਦਾਤ ਕਰਕੇ ਆਇਆ ਹੁੰਦਾ ਹੈ।

ਜਿਥੇ ਮੈਂ ਰਹਿੰਦਾ ਸਾਂ, ਥਾਣਾ ਕੁਝ ਕਦਮਾਂ ਦੀ ਵਿਥ ਤੇ ਸੀ। ਉਸ ਆਦਮੀ ਨੇ ਸਿਰ
ਥਾਣੇਦਾਰ ਦੀ ਮੇਜ਼ ਤੇ ਜਾ ਕੇ ਰੱਖ ਦਿਤਾ ਤੇ ਲਹੂ ਭਿਜਿਆ ਦਾਤਰ ਥਾਣੇਦਾਰ ਵੱਲ ਕਰਕੇ
ਬੋਲਿਆ, "ਇਸ ਆਦਮੀ ਨੇ ਮੇਰੀ ਔਰਤ ਨਾਲ ਇਸ਼ਕ ਕੀਤਾ, ਉਹ ਹਰਾਮਜ਼ਾਦੀ, ਵੀ
ਇਸ ਨਾਲ ਇਸ਼ਕ ਕਰਦੀ ਸੀ। ਵਿਆਹ ਤੋਂ ਪਹਿਲਾਂ ਵੀ ਕਰਦੀ ਸੀ, ਉਸ ਨਾਲ ਵੀ
ਸਮਝੂੰਗਾ, ਥਾਣੇਦਾਰਾ ਜਿਹੜਾ ਵੀ ਭੈੜ-ਰੀ ਮੇਰੀ ਔਰਤ ਵੱਲ ਵੇਖੇਗਾ, ਉਸਦਾ ਇਹੀ ਹਸ਼ਰ
ਹੋਵੇਗਾ।" ਉਸਦੀਆਂ ਅੱਖਾਂ ਵਿਚੋਂ ਵੀ ਜਿਵੇਂ ਲਹੂ ਚੋਅ ਰਿਹਾ ਸੀ। ਤੇ ਉਹ ਜਿਵੇਂ ਆਇਆ
ਸੀ—ਉਵੇਂ .ਸ਼ਾਨ ਨਾਲ ਚਲਿਆ ਗਿਆ। ਇਕ ਹੱਥ ਵਿਚ, ਵਾਲਾਂ ਤੋਂ ਫੜਿਆ ਹੋਇਆ
ਮਨੁੱਖੀ ਸਿਰ ਤੇ ਦੂਸਰੇ ਹੱਥ ਵਿਚ ਲਹੂ ਨਾਲ ਭਿੱਜਿਆ ਦਾਤਰ।

ਥਾਣੇਦਾਰ ਦਾ ਹਲਕ ਸੁੱਕ ਗਿਆ ਸੀ। ਉਹ ਕੁਝ ਵੀ ਨਾ ਬੋਲ ਸਕਿਆ। ਮੇਜ਼
ਉਪਰ ਲੱਗੇ ਲਹੂ ਨੂੰ ਵੇਂਹਦਾ ਰਿਹਾ—ਜਿਥੇ ਕੁਝ ਚਿਰ ਪਹਿਲਾਂ ਇਕ ਕੱਟੇ ਸਿਰ ਦੀਆਂ
ਪੱਥਰ ਹੋਈਆਂ ਅੱਖਾਂ ਉਸ ਨੂੰ ਘੂਰ ਰਹੀਆਂ ਸਨ।

ਨਾ ਹੀ ਸਮਾਜ 'ਤੇ ਨਾ ਹੀ ਵੇਲੇ ਦਾ ਕਾਨੂੰਨ ਉਸ ਆਦਮੀ ਨੂੰ ਸਜ਼ਾ ਦੇ
ਸਕਿਆ—ਜਿਸ ਨੇ ਕੇਵਲ ਇਸ ਕਰਕੇ ਮਨੁੱਖ ਦਾ ਸਿਰ ਕੱਟ ਲਿਆ ਸੀ, ਕਿਉਂਕਿ ਉਸ
ਨੇ ਉਸ ਦੀ ਔਰਤ ਨਾਲ ਇਸ਼ਕ ਕੀਤਾ ਸੀ।

ਫਿਰ ਸੁਣਿਆ ਮਹੀਨੇ ਕੁ ਬਾਅਦ ਉਸ ਦੀ ਔਰਤ ਵੀ ਸਹਿਮ ਨਾਲ ਮਰ ਗਈ।

ਇਸ ਮਨੁੱਖੀ ਚਿਹਰੇ ਦੇ ਕਿਹੋ ਜੇਹੇ ਦੋ ਰੂਪ ਹਨ। ਇਕ ਔਰਤ ਨੂੰ ਇਸ ਲਈ ਮਾਰ
ਰਿਹਾ ਹੈ—ਕਿ ਉਹ ਉਸ ਦੀਆਂ ਖ਼ੁਦਗਰਜ਼ੀਆਂ ਲਈ ਉਸ ਦੇ ਕਹੇ ਨਹੀ ਲਗਦੀ। ਦੂਸਰਾ
ਇਸ ਲਈ ਸ਼ਿਬਾਹ ਕਰ ਰਿਹਾ ਹੈ—ਕਿ ਉਸ ਦੇ ਸੁਪਨੇ ਦਹਿਲੀਜ਼ਾਂ ਤੋਂ ਬਾਹਰ ਨਹੀ ਜਾ
ਸਕਦੇ।

ਇਹੋ ਜਿਹੀਆਂ ਉਦਾਸੀਆਂ ਤਾਂ ਮਨ ਨੂੰ ਵੀ ਉਦਾਸ ਕਰ ਜਾਂਦੀਆਂ ਹਨ।

Scanned by CamScanner

# ਕੌਡੀਆਂ ਦੇ ਮੁੱਲ

1980 ਦੇ ਵਰ੍ਹੇ ਦੀ ਘਟਨਾ ਹੈ। ਅਪਰੈਲ ਮਹੀਨੇ ਦੀ ਇਕ ਭਿਆਨਕ ਰਾਤ ਸੀ। ਸਾਰੀ ਰਾਤ ਉਸ ਦੀ ਲਾਸ਼ ਦੇ ਸਿਰਹਾਣੇ ਅਸੀ ਬੈਠੇ ਰਹੇ। ਮਾਪਿਆਂ ਦਾ ਇਕੋ ਇਕ ਪੁੱਤਰ। ਜਦੋਂ ਉਹਨਾਂ ਉਸ ਨੂੰ ਮੇਰੇ ਨਾਲ ਤੋਰਿਆ ਸੀ, ਉਹਨਾਂ ਦੀ ਹਾਲਤ ਪਾਗਲਾਂ ਵਰਗੀ ਸੀ। ਜਿਵੇ ਕੋਈ ਆਪਣਾ ਅੰਗ ਤੋੜ ਕੇ ਦੂਸਰੇ ਨੂੰ ਫੜਾ ਰਿਹਾ ਹੋਵੇ।

ਜ਼ਮੀਨ ਤਾਂ ਹੱਥਾਂ ਦੀਆਂ ਉਂਗਲਾਂ ਨਾਲ ਵਾਹੁਣ ਜੋਗੀ ਸੀ। ਇੰਨੀ ਕੁ ਖੇਤੀ ਤਾਂ ਇਕੱਲਾ ਉਸ ਦਾ ਪਿਉ ਕਰ ਸਕਦਾ ਹੈ। ਦੋਹਾਂ ਨੂੰ ਤਾਂ ਜ਼ਮੀਨ 'ਚ ਖੜ੍ਹਨ ਨੂੰ ਜਗ੍ਹਾ ਨਹੀ ਮਿਲੇਗੀ। ਮੁੰਡੇ ਨੂੰ ਜੇ ਬਾਹਰ ਭੇਜ ਦੇਵੀਏ, ਸ਼ਾਇਦ ਵਰ੍ਹਿਆਂ ਦੀ ਰੁੱਸੀ ਖੁਸ਼ਕਿਸਮਤੀ ਦਰੀ ਮੁੜ ਆਏ। ਤੇ ਉਹਨਾਂ ਪੁੱਤਰ ਨੂੰ ਮਨ ਉਪਰ ਪੱਥਰ ਰੱਖ ਕੇ ਅੱਖਾਂ ਤੋਂ ਦੂਰ ਭੇਜ ਦਿੱਤਾ।

ਕਲਕੱਤੇ ਆਇਆਂ ਉਸ ਨੂੰ ਕੁਝ ਮਹੀਨੇ ਹੀ ਹੋਏ ਸਨ। ਉਸ ਰਾਤ ਅਸੀ ਬਿਹਾਰ ਦੇ ਇਕ ਪਿੰਡ ਹਰਗਾਂਵ ਕੋਲ ਦੀ ਲੰਘ ਰਹੇ ਸਾਂ। ਰਾਤ ਅੱਧੀਓਂ ਵੱਧ ਲੰਘ ਚੁੱਕੀ ਸੀ। ਜੀ.ਟੀ. ਰੋਡ ਦੇ ਇਕ ਹੋਟਲ ਤੇ ਅਸੀ ਚਾਹ ਪੀਣ ਲਈ ਰੁਕੇ। ਉਸ ਨੇ ਗੱਡੀ ਠੰਢੀ ਹੋਣ ਲਈ ਉਸ ਦਾ ਬਰਨਡ ਚੁੱਕ ਦਿੱਤਾ। ਟਾਇਰ ਠੋਕ ਕੇ ਵੇਖੇ। ਟਾਇਰਾਂ ਦੀਆਂ ਗੋਟੀਆਂ ਵਿਚ ਫਸੀਆਂ ਗਿੱਟੀਆਂ ਕੱਢੀਆਂ। ਜਿਸ ਦੇ ਚਲਦਿਆਂ ਰੋਟੀ ਮਿਲਦੀ ਹੈ, ਉਸ ਦੀ ਦੇਖ ਰੇਖ ਸਾਡੇ ਕਿੱਤੇ ਦਾ ਪਹਿਲਾ ਸਬਕ ਹੈ।

ਏਨੇ ਵਿਚ ਚਾਹ ਆ ਗਈ। ਹੋਟਲ ਦੇ ਨੌਕਰਾਂ ਨੂੰ ਟਿੱਚਰਾਂ ਕਰਦਾ ਉਹ ਗੱਡੀ ਵਿਚ ਪਾਣੀ ਪਾਉਣ ਲੱਗਾ। ਫਿਰ ਉਹ ਮੇਰੇ ਬੈਠੇ ਕੋਲ ਆ ਕੇ ਫ਼ਿਕਰ ਨਾਲ ਬੋਲਿਆ—'ਐ ਬੈਠੇ ਕਿਵੇ ਸਰੂ ਬਾਈ, ਕੱਲ੍ਹ ਨੂੰ ਖਾਲੀ ਨੀ ਹੋਣੀ—ਖਿੱਚ ਬੱਕੀ ਨੂੰ।' ਫਿਰ ਉਹ ਟਾਇਰਾਂ ਤੇ ਹੱਥ ਮਾਰਨ ਲੱਗ ਪਿਆ ਤੇ ਮੂਹਰਲੇ ਮਡਗਾਰਡ ਨੂੰ ਆ ਕੇ ਥਾਪੀਆਂ ਦੇਣ ਲੱਗਾ 'ਚਲ ਰਾਣੀਏ...' ਉਹ ਇਸ ਤਰ੍ਹਾਂ ਹੀ ਗੱਡੀ ਨਾਲ ਗੱਲਾਂ ਕਰਦਾ ਰਹਿੰਦਾ ਸੀ, ਜਿਵੇ ਉਹ ਹੱਡ ਮਾਸ ਦੀ ਹੋਵੇ।

ਅਜੇ ਮੈ ਗੱਡੀ ਤੋਰੀ ਨਹੀ ਸੀ। ਸਟਾਰਟ ਕਰ ਲਈ ਸੀ। ਉਹ ਖਿੜਕੀ ਵਿਚ ਅੱਧਾ ਬਾਹਰ, ਅੱਧਾ ਅੰਦਰ ਸੀ। ਉਦੋਂ ਹੀ, ਪਿੱਛੋਂ ਇਕ ਤੇਜ਼ ਆਉਂਦੇ ਟੱਕ ਦੇ ਡਰਾਈਵਰ ਨੇ ਸ਼ਾਇਦ ਇਹ ਸੋਚਿਆ ਹੋਵੇ, ਗੱਡੀ ਤੁਰ ਪਈ ਹੈ, ਜਾਂ ਸੋਚਦਾ ਹੋਵੇ ਉਸ ਦੇ ਉਥੇ ਤੱਕ ਪਹੁੰਚਣ ਤੇ ਗੱਡੀ ਸੜਕ ਵਿਚਕਾਰ ਆ ਜਾਵੇਗੀ, ਤੇ ਉਹ ਆਸਾਨੀ ਨਾਲ ਖੱਬੇ ਪਾਸੇ ਦੀ ਬਿਨਾਂ ਗੇਅਰ ਬਦਲੇ ਨਿਕਲ ਜਾਵੇਗਾ, ਉਸ ਨੇ ਇਵੇ ਹੀ ਕਾਹਲੀ ਨਾਲ ਅੱਗੇ ਲੰਘਣਾ ਚਾਹਿਆ ਹੋਵੇਗਾ, ਜਾਂ ਹੋ ਸਕਦਾ ਹੈ ਉਹ ਸੁੱਤਾ ਹੀ ਆਉਂਦਾ ਹੋਵੇ ਤੇ ਭਾਣਾ ਵਰਤ ਗਿਆ।

ਉਹ ਟਰੱਕ ਰੁਕਿਆ ਨਹੀ। ਆਪਣੇ ਪਿੱਛੇ ਇਕ ਭਿਆਨਕ ਕੁਰਲਾਹਟ ਛੱਡ ਗਿਆ।

ਉਸ ਤੋਂ ਬਾਅਦ ਦਾ ਦ੍ਰਿਸ਼ ਤਾਂ ਨਾ ਚੇਤੇ ਕਰਨ ਨੂੰ ਜੀਅ ਕਰਦਾ ਹੈ ਤੇ ਨਾ ਲਿਖਿਆਂ ਹੀ ਬਣਦਾ ਹੈ।



Scanned by CamScanner

ਹੋਟਲ ਦੇ ਔਧੇ ਨੌਕਰ ਤੇ ਮਾਲਕ ਡਰਦੇ ਭੱਜ ਗਏ।

ਮਾਪਿਆਂ ਦਾ ਇਕੋ ਇਕ ਪੁੱਤਰ, ਜਿਸਦੇ ਸਹਾਰੇ ਉਹ ਗਰੀਬੀ ਪੱਟ ਦੀਆਂ ਆਸਾਂ ਲਾਈ ਬੈਠੇ ਸਨ। ਜਿਹੜਾ ਹੁਣੇ ਹੋਟਲ ਦੇ ਨੌਕਰਾਂ ਨਾਲ ਟਿੱਚਰੋ-ਟਿੱਚਰੀ ਹੋ ਰਿਹਾ ਸੀ। ਹੁਣੇ ਤਾਂ ਸਾਡੇ ਕੋਲ ਸੀ, ਪਰ ਹੁਣੇ ਹੀ ਸਾਡੇ ਕੋਲ ਨਹੀ ਹੈ। ਦਿਮਾਗ ਕੰਮ ਕਰਨੋਂ ਜਵਾਬ ਦੇ ਰਿਹਾ ਲਗਦਾ ਸੀ। ਕੁਝ ਨਹੀ ਸੀ ਸੁੱਝ ਰਿਹਾ।

ਉਸ ਨੂੰ ਦੇਖ ਕੇ ਡਰ ਆਉਂਦਾ ਸੀ। ਕਿਸੇ ਕਪੜੇ ਨਾਲ ਉਸ ਨੂੰ ਢੱਕਿਆ।

ਪੁਲੀਸ ਨੂੰ ਇਤਲਾਹ ਦੇਣੀ ਬਣਦੀ ਸੀ। ਇਹ ਸਰਕਾਰੀ ਕਾਰਵਾਈ ਵੀ ਪੂਰੀ ਕਰਨੀ ਪੈਂਦੀ ਹੈ। ਜਦੋਂ ਅਜਿਹੇ ਹਾਦਸਿਆਂ ਵਿਚੋਂ ਦੀ ਗੁਜ਼ਰੀ ਦਾ ਹੈ ਤਾਂ ਪਤਾ ਲਗਦਾ ਹੈ— ਮਨੁੱਖ ਨੂੰ ਕਿੰਨਾ ਸੁਹਿਦਰ ਹੋਣਾ ਪੈਂਦਾ ਹੈ।

ਨਾਕੇ ਵਾਲੇ ਮੈਨੂੰ ਵੇਖ ਕੇ ਇਉਂ ਖੁਸ਼ ਹੋ ਗਏ, ਜਿਵੇਂ ਮੈਂ ਉਹਨਾਂ ਨੂੰ ਸਾਦੀ ਦਾ ਨਿਮੰਤਰਣ ਦੇਣ ਗਿਆ ਹੋਵਾਂ। ਫ਼ਿਰ ਇਹ ਉਹਨਾਂ ਦੇ ਵਸ ਦਾ ਰੋਗ ਨਹੀ, ਉਹਨਾਂ ਕਿਹਾ—ਸੜਕਾਂ ਤੇ ਤਾਂ ਸੈਂਕੜੇ ਮਰਦੇ ਹਨ, ਜੇ ਅਸੀ ਤੁਹਾਡੇ ਨਾਲ ਰੋਣ ਲੱਗੀਏ—ਤਾਂ ਸਰਕਾਰੀ ਕੰਮ ਕਿਵੇਂ ਹੋਣ...

ਕੱਲ੍ਹ ਆਉਣ ਦਾ ਵਾਅਦਾ ਲੈ ਕੇ ਮੁੜ ਆਇਆ। ਬਾਕੀ ਰਹਿੰਦੀ ਰਾਤ ਅਸੀ ਇਕ ਪੁਰਾਣਾ ਟਾਇਰ ਬਾਲ ਕੇ ਲਾਸ਼ ਦੇ ਸਿਰਹਾਣੇ ਬੈਠੇ ਰਹੇ।

ਸੜਕ ਉਪਰੋਂ ਲੰਘਦੀ ਕੋਈ ਗੱਡੀ ਰੁਕਦੀ, ਕੋਈ ਜਰਾ ਕੁ ਬਰੇਕਾਂ ਤੇ ਪੈਰ ਰੱਖ ਕੇ ਅੱਗੇ ਵੱਧ ਜਾਂਦੀ, ਕੋਈ ਜਾਣ ਪਹਿਚਾਣ ਵਾਲਾ ਆਉਂਦਾ, ਇਕ ਦੋ ਰਸਮੀ ਗੱਲਾਂ, ਕਿਵੇਂ ਹੋਇਆ? ਕਦੋਂ ਹੋਇਆ? ਤੇ ਫਿਰ ਮਾਲ ਖ਼ਾਲੀ ਕਰਨ ਦਾ ਬਹਾਨਾ ਲਾ ਕੇ ਤੁਰ ਜਾਂਦਾ।

ਅਸੀ ਗੱਡੀਆਂ ਵਾਲੇ ਸਾਰੇ ਹੀ ਕੁਝ ਕੁਝ ਇਸ ਤਰ੍ਹਾਂ ਦੇ ਹੋ ਜਾਂਦੇ ਹਾਂ। ਜਿਵੇਂ ਜੰਗ ਵਿਚ ਮਰੇ ਸਿਪਾਹੀ ਕੋਲ ਫੌਜਾਂ ਨਹੀ ਰੁਕਦੀਆਂ, ਉਵੇਂ ਹੀ ਸੜਕਾਂ ਉਪਰ ਹੋਏ ਹਾਦਸਿਆਂ ਦਾ ਰਸਮੀ ਅਫ਼ਸੋਸ ਜਿਹਾ ਕਰਦੇ ਹਾਂ, ਜਿੰਨਾ ਕੁ ਚਿਰ ਸਭ ਕੁਝ ਸਾਹਮਣੇ ਹੈ। ਉਸ ਤੋਂ ਬਾਅਦ ਗੱਡੀਆਂ ਇਕ ਮੀਲ ਵੀ ਨਹੀ ਜਾਂਦੀਆਂ ਹੋਣੀਆਂ ਕਿ ਟੇਪ ਰਿਕਾਰਡਰ ਫੁੱਲ ਆਵਾਜ਼ 'ਚ ਲਗਾ ਦਿੰਦੇ ਹਾਂ। ਇਸ ਦਾ ਇਕ ਮਨੋਵਿਗਿਆਨਕ ਪੱਖ ਵੀ ਹੈ। ਅਜਿਹੇ ਹਾਦਸਿਆਂ ਤੋਂ ਘਬਰਾ ਕੇ ਅਸੀ ਮਨ ਨੂੰ ਹੋਰ ਪਾਸੇ ਉਲਝਾਉਣਾ ਚਾਹੁੰਦੇ ਹਾਂ। ਜੇ ਹਰ ਸਮੇ ਮਰਨ ਦਾ ਡਰ ਹੀ ਅੰਦਰ ਸਮਾਇਆ ਰਹੇ ਤਾਂ ਕੰਮ ਕੀ ਖ਼ਾਕ ਹੋਵੇਗਾ ਤੇ ਅਸੀ ਉਸ ਨਾ-ਖੁਸ਼ਗਵਾਰ ਮਾਹੌਲ ਨੂੰ ਭੁੱਲ ਜਾਣਾ ਚਾਹੁੰਦੇ ਹਾਂ।

ਅਗਲੇ ਦਿਨ ਢਾਈ ਵਜੇ ਪੁਲਿਸ ਆਈ। ਸੜਕ ਦੇ ਕਿਨਾਰੇ ਪਈ ਲਾਸ਼ ਗਰਮੀ ਨਾਲ ਝੁਲਸ ਗਈ ਸੀ। ਜੀਭ ਬਾਹਰ ਲਮਕ ਆਈ ਸੀ। ਕੋਈ ਪੁਲਿਸ ਵਾਲਾ ਉਸ ਨੂੰ ਹੱਥ ਨਹੀ ਸੀ ਲਾਉਣਾ ਚਾਹੁੰਦਾ।

ਅਗਲੇ ਦੋ ਦਿਨ ਰਾਂਚੀ ਦੇ ਸਰਕਾਰੀ ਹਸਪਤਾਲ ਵਿਚ ਉਸ ਦਾ ਸਰੀਰ ਰੁਲਦਾ ਰਿਹਾ। ਡਾਕਟਰਾਂ ਦਾ ਵਤੀਰਾ ਹਸਪਤਾਲ ਦੇ ਹਰ ਕਰਮਚਾਰੀ ਦਾ ਪੈਸੇ ਬਟੋਰਨ ਦਾ ਰਵੱਈਆ, ਪੁਲੀਸ ਵਾਲਿਆਂ ਦੀ ਮੱਕਾਰੀ ਵੇਖ ਕੇ ਤਾਂ ਇਨਸਾਨੀਅਤ ਵਰਗੇ ਕਿਸੇ ਵੀ ਸ਼ਬਦ ਤੇ ਵਿਸਵਾਸ ਕਰਨ ਨੂੰ ਜੀਅ ਨਹੀ ਕਰਦਾ। ਇਹ ਔਖੇ ਮਨੁੱਖੀ ਸੇਵਾ ਲਈ ਨਹੀ, ਕਾਰੋਬਾਰ ਲਈ ਬਣ ਗਏ ਹਨ। ਇਥੇ ਇਕੋ ਫਾਰਮੂਲਾ ਕੰਮ ਕਰਦਾ ਹੈ—ਜੇ ਤੁਸੀ ਸਾਡੇ ਆਓ ਤਾਂ ਕੀ ਲੈ ਕੇ ਆਉਗੇ? ਜੇ ਅਸੀ ਤੁਹਾਡੇ ਜਾਈਏ ਤਾਂ ਕੀ ਦੇਉਗੇ?'



Scanned by CamScanner

ਰਾਂਚੀ ਹੀ ਇਕ ਨਦੀ ਕੰਢੇ ਉਸ ਦਾ ਸਸਕਾਰ ਕਰਨਾ ਪਿਆ। ਲਾਸ਼ ਪਿੰਡ ਲੈ ਜਾਣ ਵਾਲੀ ਨਹੀਂ ਸੀ ਰਹੀ। ਪਿੰਡ ਤਾਰ ਤਾਂ ਦੇ ਦਿੱਤੀ ਸੀ। ਉਹਨਾਂ ਦੇ ਮਾਂ ਪਿਉ ਕੋਲ ਵੀ ਜਾਣਾ ਬਣਦਾ ਸੀ। ਪਤਾ ਨਹੀਂ ਕਿਉਂ ਮੇਰੇ ਅੰਦਰ ਇਕ ਅਜੀਬ ਅਹਿਸਾਸ ਸੀ ਕਿ ਮੈਂ ਉਸਦੇ ਮਾਂ-ਪਿਉ ਦਾ ਸਾਹਮਣਾ ਨਹੀਂ ਕਰ ਸਕਾਂਗਾ। ਹੁਣ ਵੀ ਨਹੀਂ ਕਰ ਸਕਦਾ, ਜਿਵੇਂ ਮੈਂ ਦੋਸ਼ੀ ਹੋਵਾਂ....

ਪਿੰਡ ਗਿਆ, ਉਹ ਮਾਂ ਜਦੋਂ ਮੈਂ ਜਿਊਂਦੀ, ਸਹੀ ਸਲਾਮਤ ਵੇਖੀ, ਸੋਚਿਆ ਕੋਈ ਬੰਦਾ ਕਿਸੇ ਦੇ ਬਿਨਾਂ ਜਿਊਂਦਾ ਰਹਿ ਸਕਦਾ ਹੈ। ਮੈਨੂੰ ਚਿੰਬੜ ਕੇ ਉਹ ਰੋਣ ਲੱਗੀ। ਬਸ ਐਨਾ ਹੀ ਹੈ, ਨਾਲ ਨਹੀਂ ਮਰਿਆ ਜਾਂਦਾ। ਆਂਢ-ਗੁਆਂਢ ਦੀਆਂ ਔਰਤਾਂ ਵੀ ਆ ਗਈਆਂ। ਉਸਨੂੰ ਦੰਦਲਾਂ ਪੈ ਗਈਆਂ। ਔਰਤਾਂ ਨੇ ਸਾਂਭਿਆ, ਸਮਝਾਇਆ—ਤੇ ਫਿਰ ਹੌਲੀ ਹੌਲੀ ਮੈਥੋਂ ਉਹਨਾਂ ਸਾਰਾ ਹਾਦਸਾ ਸੁਣਿਆ।

ਨੀਂਦ ਵਿਚ ਹੁਣ ਵੀ ਕਈ ਵਾਰ ਸੜਕ ਕੰਢੇ ਦਾ ਉਹ ਭਿਆਨਕ ਦ੍ਰਿਸ਼ ਦਿੱਸਦਾ ਹੈ। ਕਦੇ ਕਦੇ ਉਸ ਦੀ ਮਾਂ ਦੇ ਵੈਣ ਸੁਣਦੇ ਹਨ ਤਾਂ ਅੱਭੜਵਾਹਿਆ ਉਠ ਪੈਂਦਾ ਹਾਂ ਤੇ ਬਾਕੀ ਰਹਿੰਦੀ ਰਾਤ ਉਸਲ-ਵੱਟੇ ਬਣ ਜਾਂਦੀ ਹੈ।

# ਜੱਟ ਮਚਲਾ, ਖ਼ੁਦਾ ਨੂੰ ਲੈ ਗਏ ਚੋਰ

ਸਭ ਜਾਣਦੇ ਹਨ, ਸਾਡਾ ਕਿੱਤਾ—ਅਸੁਰੱਖਿਅਤਾ ਹੈ, ਤ੍ਰਿਅੰਕਰਤਾ ਹੈ, ਅਣਚਾਹੀਆਂ ਮੌਤਾਂ ਹਨ, ਸੜਕਾਂ ਉੱਪਰ ਰੁਲਦੀਆਂ ਲਾਸ਼ਾਂ ਹਨ, ਪੁਲੀਸ ਹੱਥੋਂ ਹੁੰਦੀ ਬੇਕਦਰੀ ਹੈ, ਪ੍ਰਮਿਟਾਂ, ਟੈਕਸਾਂ ਅਤੇ ਰਜਿਸਟਰੇਸ਼ਨਾਂ ਵਿਚ ਉਲਝੀ ਪਰੇਸ਼ਾਨੀ ਹੈ।

ਸ਼ਾਇਦ ਸਭ ਇਹ ਨਹੀ ਜਾਣਦੇ—ਸਾਡਾ ਕਿੱਤਾ, ਝੂਠ ਹਨ, ਹੇਰਾ-ਫੇਰੀਆਂ ਹਨ, ਮਾਲਕਾਂ ਕੋਲ ਖਾਧੀਆਂ ਸਹੁੰਆਂ ਹਨ, ਚੁੱਕੇ ਨੇਮ ਹਨ। ਪੁਲਿਸ ਨਾਲ ਖੇਡੀਆਂ ਚਾਲਾਂ ਅਤੇ ਲੁਕਣਮੀਟੀਆਂ ਹਨ।

ਸਭ ਇਹ ਵੀ ਨਹੀ ਜਾਣਦੇ ਕਿ, ਸਾਡਾ ਕਿੱਤਾ, ਉਹ ਗੀਤ ਹਨ, ਜਿਹੜੇ ਸਿਰਲੱਥ ਲੋਕ ਹੀ ਜਾਨ ਤਲੀ ਤੇ ਰੱਖ ਕੇ ਗਾਉਂਦੇ ਹਨ। ਸਾਡਾ ਕਿੱਤਾ, ਉਹ ਕਹਿਕਹੇ ਹਨ, ਜਿਹੜੇ ਡਾਂਗ ਤੇ ਡੇਰਾ ਰੱਖ ਕੇ ਹੀ ਲਾਏ ਜਾ ਸਕਦੇ ਹਨ। ਸਾਡਾ ਕਿੱਤਾ, ਬੇਫ਼ਿਕਰੀਆਂ ਹਨ, ਜਿਨ੍ਹਾਂ ਨੂੰ ਹੰਢਾਉਂਦਿਆਂ ਨਾ ਮੌਤਾਂ ਸਾਨੂੰ ਡਰਾਉਂਦੀਆਂ ਹਨ, ਨਾ ਹੀ ਦੁਰਘਟਨਾਵਾਂ ਸਾਡੇ ਹੌਸਲੇ ਪਸਤ ਕਰਦੀਆਂ ਹਨ। ਸਾਡਾ ਕਿੱਤਾ ਸ਼ਹਿਨਾਈਆਂ ਹਨ, ਜਿਹੜੀਆਂ ਰਾਜਿਆਂ ਨੂੰ ਸਿੰਘਾਸਨਾਂ ਉੱਪਰ ਬੈਠ ਕੇ ਵੀ ਰਾਸ ਨਹੀ ਆਉਂਦੀਆਂ। ਸਾਡਾ ਕਿੱਤਾ ਫ਼ਕੀਰੀਆਂ ਹਨ, ਜਿਨ੍ਹਾਂ ਨੂੰ ਭੋਗਦਿਆਂ ਵਜਦ ਵਿਚ ਆ ਕੇ ਨੱਚ ਉੱਠੀਦਾ ਹੈ। ਸਾਡਾ ਕਿੱਤਾ ਖਰਮਸਤੀਆਂ ਵੀ ਹਨ, ਜਿੱਥੇ ਨਾ ਚੜ੍ਹੀ ਦਾ ਚਾਅ ਹੁੰਦਾ ਹੈ, ਨਾ ਲੱਥੀ ਦਾ ਝੋਰਾ ਹੁੰਦਾ ਹੈ।

ਕਲਕੱਤੇ ਤੋਂ ਕਟਕ (ਉੜੀਸਾ ਵਿਚ) ਜਾ ਰਿਹਾ ਸਾਂ। ਬਾਲਾਸੋਰ ਨੇੜੇ ਇਕ ਹੋਟਲ ਤੇ ਚਾਹ ਪੀਣ ਲਈ ਗੱਡੀ ਰੋਕੀ। ਦੇਖਿਆ, ਹੋਟਲ ਦਾ ਮਾਲਕ, ਨੌਕਰ ਤੇ ਕੁਝ ਗੱਡੀਆਂ ਵਾਲੇ ਇਕ ਡਰਾਈਵਰ ਨੂੰ ਘੇਰੀ ਖੜੇ ਹਨ। ਦਸੰਬਰ ਮਹੀਨੇ ਦਾ ਕੋਈ ਦਿਨ ਸੀ। ਦੋ ਕੁ ਵਜੇ ਦਾ ਵਕਤ ਹੋਵੇਗਾ।

ਖਲਾਸੀ ਟਾਇਰਾਂ ਨੂੰ ਜਾਂਚਣ ਲੱਗ ਪਿਆ ਤੇ ਮੈਂ ਇਕੱਠ ਕੋਲ ਜਾ ਖੜਾ ਹੋਇਆ।

—'ਕੋਈ ਨਾ ਕੰਜਰਾ ਦਿਲ ਰੱਖ—ਤੂੰ ਤੀਵੀਆਂ ਆਂਗੂੰ ਰੋਈ ਜਾਨੈ?' ਭੀੜ ਵਿਚੋਂ ਕਿਸੇ ਡਰਾਈਵਰ ਨੇ ਆਖਿਆ।

—ਮੈਂ ਮਰਜੂੰ ਬਾਈ!' ਘਿਰੇ ਡਰਾਈਵਰ ਨੇ ਧਾਹ ਮਾਰੀ।

ਮਾਮਲਾ ਕੁਝ ਸਮਝ ਤਾਂ ਨਾ ਆਇਆ, ਪਰ ਗੰਭੀਰ ਲੱਗ ਰਿਹਾ ਸੀ।

ਚਾਹ ਪੀਣੀ ਭੁੱਲ ਕੇ ਮੈਂ ਅੱਡੀਆਂ ਚੁੱਕ ਕੇ ਵੇਖਿਆ। ਉਹ ਬੇਹੱਦ ਸ਼ਰਾਬੀ ਸੀ। ਸਾਹਮਣੇ ਮੁਰਗੇ ਦੀ ਪਲੇਟ ਪਈ ਸੀ। ਇਕ ਪਲੇਟ ਵਿਚ ਰੋਟੀਆਂ, ਗੰਢਾ,ਅਚਾਰ ਤੇ ਹਰੀ ਮਿਰਚ ਰੱਖੀ ਸੀ। ਉਸ ਦੀਆਂ ਅੱਖਾਂ ਤੇ ਨੱਕ ਦੋਵੇ ਵਗ ਰਹੇ ਸਨ। ਉਸ ਨੇ ਮੁਰਗੇ ਦੀ ਲੱਤ ਚੁੱਕ ਕੇ ਮੂੰਹ ਵਿਚ ਪਾਈ ਤੇ ਚੱਬਣ ਲੱਗਾ, ਹੱਥ ਦੀ ਪੁੱਠੀ ਤਲੀ ਨਾਲ ਨੱਕ ਪੂੰਝਿਆ ਤੇ ਫਿਰ ਉਤਾਂਹ ਮੂੰਹ ਚੁੱਕ ਕੇ ਬੋਲਿਆ—'ਮੇਰੇ ਤਾਂ ਭਰਾਵੋ ਬੁਰਕੀ ਨੀ ਲੰਘਦੀ' ਆਖ ਕੇ ਉਹ ਫੇਰ ਮੁਰਗੇ ਦੀ ਲੱਤ ਚੂੰਡਣ ਲੱਗ ਪਿਆ।

Scanned by CamScanner

—ਵੇਖਣ ਕੀ ਕਰਦੈ ਠੇਠਰ। ਮੁਰਗਾ ਸਾਬਤਾ ਚੱਬ ਗਿਆ, ਅਜੇ ਰੋਟੀ ਨੀ ਲੰਘਦੀ ਏਹਦੇ।' ਕਿਸੇ ਔਰੇ ਡਰਾਈਵਰ ਨੇ ਉਸ ਦੇ ਲੱਛਣ ਵੇਖ ਕੇ ਆਖਿਆ।

—ਕਿਸੇ ਨੇ 'ਲਾਜ ਨੀ ਕਰੌਣਾ ਉਏ ਉਹਦਾ—ਓ ਮੇਰਿਆ ਰੱਬਾ ਕਿਵੇਂ ਤੜਫਦੀ ਹੋਊਗੀ।' ਉਹ ਫੇਰ ਰੋਣ ਲੱਗ ਪਿਆ।

ਖਾਣ ਪੀਣ ਵਾਲੀਆਂ ਗੱਡੀਆਂ ਰੁਕਦੀਆਂ। ਡਰਾਈਵਰ ਖਲਾਸੀ ਉਸ ਦੇ ਦੁਆਲੇ ਆ ਖੜੇ ਹੁੰਦੇ। ਹੋਟਲ ਦੇ ਮਾਲਕ ਤੋਂ ਪਤਾ ਲਗਿਆ ਕਿ ਕਲ ਉਸਦੀ ਘਰ ਵਾਲੀ ਦੀ ਚਿੱਠੀ ਆਈ ਐ, ਬਈ ਮੇਰੇ ਪਾਥੀਆਂ ਉਲਟਾਉਂਦੀ ਵੇਲੇ ਠੂੰਹਾਂ ਲੜ ਗਿਆ, ਸਾਰੀ ਬਾਂਹ ਸੁੱਜੀ ਪਈ ਐ ਤੇ ਇਹ ਸਹੁਰਾ ਕਲ ਦਾ ਪੀਈ ਜਾਂਦੈ ਤੇ ਰੋਈ ਜਾਂਦੈ। ਗੱਡੀ ਲੋਡ ਖੜੀ ਹੈ।

ਮੈ ਦੇਖਿਆ, ਕਦੇ ਉਹਦਾ ਹੱਥ ਮੁਰਗੇ ਦੀ ਪਲੇਟ ਵਿਚ ਪਿਆ ਰਹਿ ਜਾਂਦਾ, ਕਦੇ ਉਹ ਨੱਕ ਪੂੰਝਣ ਲੱਗ ਜਾਂਦਾ। ਕਦੇ ਘਰ ਵਾਲੀ ਦਾ ਨਾਂ ਲੈ ਕੇ ਵਾਜਾਂ ਮਾਰਨ ਲੱਗ ਪੈਂਦਾ। ਭੀੜ ਵਿਚੋ ਕਦੇ ਕੋਈ ਤਾੜੀ ਮਾਰ ਕੇ ਹੱਸ ਪੈਂਦਾ। ਕਦੇ ਝੂਠੀ ਮੂਠੀ ਹਮਦਰਦੀ ਜਤਾਉਣ ਲੱਗ ਜਾਂਦਾ।

........................

ਰਾਂਚੀ ਜਾ ਰਿਹਾ ਸਾਂ। ਬਹਿਰਾਗੁੜਾ ਪਾਰ ਕੀਤਾ ਤਾਂ ਅੱਗੇ ਗੱਡੀਆਂ ਇਉਂ ਰੁਕੀਆਂ ਹੋਈਆਂ ਸਨ, ਜਿਵੇਂ ਕਿਸੇ ਰੇਲਵੇ ਫਾਟਕ ਬੰਦ ਹੋ ਜਾਣ ਤੇ ਰੁਕਦੀਆਂ ਹਨ। ਡਰਾਈਵਰ ਥਾਂ ਥਾਂ ਟੋਲੀਆਂ ਜਿਹੀਆਂ ਬਣਾਈ ਖੜੇ ਸਨ। ਸੋਚਿਆ ਸਾਇਦ ਕੋਈ ਐਕਸੀਡੈਂਟ ਹੋ ਗਿਆ ਹੋਵੇ—ਸੜਕ 'ਬਲਾਕ' ਹੋ ਗਈ ਹੋਵੇ। ਮੈ ਵੀ ਹੇਠਾਂ ਉਤਰ ਆਇਆ। ਅੱਖਾਂ ਅਤੇ ਹੱਥਾਂ ਦੇ ਇਸਾਰਿਆਂ ਨਾਲ ਹੀ ਪੁੱਛਿਆ—'ਕੀ ਹੋਇਆ?'

—4601 ਆਲਾ ਮਾਮਾ ਖੜੈ।' ਟੋਲੀ 'ਚੋ ਇਕ ਬੋਲਿਆ।

ਜਿਹੜੇ ਇਧਰਲੇ ਰੂਟਾਂ ਤੇ ਚਲਦੇ ਹਨ, ਉਹ ਜਾਣਦੇ ਹਨ, 4601 ਜੀਪ ਦਾ ਨੰਬਰ ਹੈ—ਤੇ ਉਹ ਅਫਸਰ ਜਦੋਂ ਵੀ ਚੈਕਿੰਗ ਤੇ ਨਿਕਲਦਾ ਹੈ—ਕਿਸੇ ਨੂੰ ਵੀ ਮਾਫ ਨਹੀ ਕਰਦਾ—ਮਹੀਨਾ ਨਹੀ ਲੈਂਦਾ। ਪਤਾ ਨਹੀ ਉਸ ਦਾ ਹਾਜਮਾ ਖਰਾਬ ਹੈ—ਕਿਸੇ ਵੀ ਚੀਜ ਨਾਲ ਕੁਝ ਨਹੀ ਖਾਂਦਾ। ਤੇ ਅੱਜ ਤਾਂ ਹੋਰ ਸੁਣਿਆ, ਓਵਰ ਲੋਡ ਗੱਡੀਆਂ ਨੂੰ ਸਿੱਧਾ ਠਾਣੇ ਭੇਜੀ ਜਾਂਦਾ ਹੈ ਜਾਂ ਮੌਕੇ ਤੇ ਹੀ ਜੁਰਮਾਨਾ ਕਰ ਦਿੰਦਾ ਹੈ।

ਕੁਝ ਡਰਾਈਵਰਾਂ ਨੇ ਆਪਣੀਆਂ ਗੱਡੀਆਂ ਪਿਛਾਂਹ ਹੋਟਲਾਂ ਉਪਰ ਹੀ ਲਗਾ ਦਿੱਤੀਆਂ ਸਨ। ਕੁਝ ਇਧਰ ਉਧਰ ਬਰਨਡ ਚੁੱਕ ਕੇ ਖਰਾਬ ਹੋਣ ਦਾ ਬਹਾਨਾ ਕਰੀ ਖੜੇ ਸਨ। ਇਕ ਦੋ ਜਿਹੜੇ ਹੌਸਲੇ ਵਾਲੇ ਲੰਘਣ ਲੱਗੇ, ਉਹ ਅਫਸਰ ਦੇ ਅੜਿੱਕੇ ਆ ਗਏ, ਉਹ ਜਾਂ ਜੁਰਮਾਨਾ ਭਰ ਕੇ ਲੰਘੇ ਜਾਂ ਠਾਣੇ ਭੇਜੇ ਗਏ। ਏਹਦੇ ਨਾਲ ਹੋਰਨਾਂ ਦਾ ਧੀਰਜ ਵੀ ਜਾਂਦਾ ਰਿਹਾ।

ਕੋਈ ਆਖ ਰਿਹਾ ਸੀ—'ਸਾਡਾ ਮਾਲਕ ਤਾਂ ਪੁਲਿਸ ਖਰਚਾ ਮੰਨਦਾ ਹੀ ਨਹੀ।' ਕੋਈ ਆਖ ਰਿਹਾ ਸੀ—'ਮਾਲਕ ਦਾ ਹੁਕਮ ਹੈ—ਭਾਵੇ ਮਹੀਨਾ ਖੜੇ ਰਹੋ, ਜਾਣ ਬੁੱਝ ਕੇ ਚੈਕਿੰਗ ਵਿਚ ਗੱਡੀ ਨਹੀ ਫਸਾਉਣੀ।'

ਕਈਆਂ ਕੋਲ 'ਦੋ' ਨੰਬਰ ਦਾ ਮਾਲ ਸੀ। ਕਈਆਂ ਦੇ ਚਲਾਣ ਜਾਲ੍ਹੀ ਸਨ। ਕਈ ਉਝ ਹੀ ਦਾਗੀ ਸਨ। ਕਈਆਂ ਕੋਲ ਲਾਈਸੈਂਸ ਨਹੀ ਸਨ।

ਏਸੇ ਕਾਵਾਂ ਰੌਲੀ ਵਿਚ ਅਚਾਨਕ ਹੁੱਲੜ ਜਿਹਾ ਮੱਚ ਗਿਆ:



Scanned by CamScanner

—ਬਾਸਾ ਆ ਗਿਆ! ਬਾਸਾ ਆ ਗਿਆ!!

ਬਾਸਾ ਆਪਣੀ ਲਾਈਨ ਵਿਚ ਲੁਚਿਆਂ ਦਾ ਲੁਚਾ ਤੇ ਛਟਿਆ ਹੋਇਆ ਡਰਾਈਵਰ ਸੀ। ਕਿਧਰੇ ਲੜਾਈ ਹੋਣੀ ਹੁੰਦੀ। ਕਿਧਰੇ ਸੜਕ ਤੇ ਜਾਮ ਲਾਉਣਾ ਹੁੰਦਾ। ਕਿਧਰੇ ਪੁਲਸੀਆ ਕੁੱਟਣਾ ਹੁੰਦਾ। ਪਤਾ ਨਹੀ ਕਿਵੇਂ ਸਬੰਧ ਬਣਦਾ। ਲੰਡੇ ਮੀਟੇ ਕਿਵੇਂ ਜੁੜਦੇ। ਬਾਸਾ ਕਿਵੇਂ ਭੂਤਾਂ ਵਾਂਗੂ ਆਉਂਦਾ। ਉਹ ਹਰ ਪੁੱਠੇ ਕੰਮ ਵਿਚ ਸ਼ਾਮਿਲ ਹੁੰਦਾ।

ਉਸ ਦਾ ਨਾਂ ਪਤਾ ਨਹੀ ਗੁਰਬਖਸ਼ ਸਿੰਘ ਸੀ ਜਾਂ ਬਿਸ਼ਨ ਸਿੰਘ, ਸਾਰੇ ਉਸ ਨੂੰ ਬਾਸਾ ਕਰਕੇ ਹੀ ਜਾਣਦੇ ਸਨ। ਇਕ ਮਾਰਵਾੜੀ ਦੀ ਗੱਡੀ ਚਲਾਉਂਦਾ ਸੀ। ਇਹ ਵੀ ਗੱਲ ਉਡੀ ਹੋਈ ਸੀ—'ਬਾਸਾ ਮਾਰਵਾੜਣ ਨਾਲ ਫਿੱਟ ਏ—'

ਉਹ ਬੇਹੱਦ ਮੋਟਾ ਸੀ। ਸਿਰ ਚੰਗੇ ਮਤੀਰੇ ਜਿੱਡਾ। ਭਲਵਾਨਾਂ ਵਾਂਗੂ ਛੋਟੇ ਛੋਟੇ ਵਾਲ। ਮੁੱਛਾਂ ਖੜ੍ਹੀਆਂ, ਦਾੜ੍ਹੀ ਜੜ੍ਹਾਂ 'ਚ ਰੱਖ ਕੇ ਕੱਟੀ ਹੋਈ। ਲੱਤਾਂ ਮੁੰਨ ਕੇ ਰਖਦਾ। ਮੋਢੇ ਉਪਰ ਬਰੀਕ ਡੱਬੀਆਂ ਵਾਲਾ ਸਾਫਾ, ਪੈਰੀ ਖੁੱਸਾ। ਕੱਦ ਛੇ ਫੁੱਟ ਤੋਂ ਵੀ ਉਪਰ। ਕੋਈ ਸੁੱਕਾ ਜਿਹਾ ਬੰਗਾਲੀ ਉਸ ਵੱਲ ਝਾਕ ਲੈਂਦਾ ਤੇ ਉਸ ਦਾ ਮੂੰਹ ਟੱਡਿਆ ਰਹਿ ਜਾਂਦਾ। ਪੀਣ ਲਗਦਾ ਤਾਂ ਸ਼ਰਾਬ ਦਾ ਗੈਲਨ ਪੀ ਜਾਂਦਾ। ਖਾਣ ਲਗਦਾ ਤਾਂ ਹੋਟਲਾਂ ਵਾਲੇ ਹੱਥ ਬੰਨ੍ਹ ਕੇ ਖੜੇ ਹੋ ਜਾਂਦੇ। ਉਹ ਨਾ ਕਦੀ ਕਿਸੇ ਚੈਕਿੰਗ ਤੋਂ ਡਰਿਆ ਸੀ ਤੇ ਨਾ ਹੀ ਕਿਸੇ ਪੁਲਸੀਏ ਦਾ ਰੋਹਬ ਮੰਨਿਆ ਸੀ।

ਬਾਸੇ ਨੇ ਗੱਡੀ ਰੋਕੀ। ਥੱਲੇ ਉਤਰਿਆ ਤੇ ਖਲਾਸੀ ਨੂੰ ਰੋਹਬ ਮਾਰਿਆ।

—ਸ਼ੀਸ਼ਾ ਸਾਫ ਕਰ ਓਏ—' ਜਿਵੇਂ ਬੁੱਢੇ ਵਾਰੇ ਵਿਆਹੇ ਆਦਮੀ ਨੂੰ ਤੀਵੀ ਪਿਆਰੀ ਹੁੰਦੀ ਹੈ, ਗੱਡੀ ਨੂੰ ਬਾਸਾ ਇਵੇਂ ਪਿਆਰ ਕਰਦਾ।

ਉਸ ਨੇ ਸਾਫੇ ਨਾਲ ਖੁੱਸਾ ਝਾੜਿਆ—ਫਿਰ ਮੂੰਹ ਪੂੰਝਿਆ, ਮੁੱਛਾਂ ਤੇ ਹੱਥ ਆਪ-ਮੁਹਾਰੇ ਚਲੇ ਗਏ....'ਕੋਈ ਐਕਸੀਡੈਂਟ ਹੋ ਗਿਆ?' ਉਸਨੇ ਭੀੜ ਤੋਂ ਪੁੱਛਿਆ।

—4601 ਆਲਾ ਖੜੀ।' ਕਿਸੇ ਨੇ ਦੱਸਿਆ।

—ਫੇਰ?' ਐਤਕੀ ਬਾਸਾ ਟਿੱਚਰ ਜਿਹੀ ਨਾਲ ਬੋਲਿਆ।

—ਓਵਰ ਲੋਡ ਆਲਿਆਂ ਨੂੰ ਸਿੱਧਾ ਅੰਦਰ।'

ਬਾਸਾ ਕੁਝ ਦੂਰ ਤੀਕਰ ਤੁਰਿਆ ਗਿਆ, ਜਿਧਰ ਅਫਸਰ ਖੜ੍ਹਾ ਸੀ, ਫਿਰ ਕੁਝ ਸੋਚ ਕੇ ਪਿਛਾਂਹ ਮੁੜ ਆਇਆ ਤੇ ਗੱਡੀ ਵਿਚ ਬੈਠ ਗਿਆ।

ਉਸ ਨੇ ਕਮੀਜ਼ ਉਤਾਰ ਲਈ, ਚਾਦਰਾ ਲਾਹ ਲਿਆ। ਨਿੱਕਰ ਵੀ ਉਤਾਰ ਦਿਤੀ ਤੇ ਗੱਡੀ ਸਟਾਰਟ ਕਰ ਕੇ ਤੋਰ ਲਈ। ਤਮਾਸ਼ਾ ਦੇਖਣ ਲਈ ਸਾਰੇ ਡਰਾਈਵਰ ਖਲਾਸੀ ਉਸ ਦੇ ਮਗਰ ਹੋ ਤੁਰੇ।

ਸਿਪਾਹੀ ਨੇ ਸੜਕ ਵਿਚਕਾਰ ਆ ਕੇ ਹੱਥ ਦਿਤਾ—'ਗਾੜੀ ਰੋਕੋ।'

—ਅਰੇ ਹਮ ਠੀਕ ਨਹੀ ਹੈ।' ਬਾਸਾ ਨੇ ਮਜਬੂਰੀ ਜਿਹੀ ਦਿਖਾਈ। ਸਿਪਾਹੀ ਨੇ ਸ਼ੀਸ਼ੇ ਤੇ ਡੰਡਾ ਮਾਰਿਆ।

—ਏ ਸ਼ੀਸ਼ੇ ਨੂੰ ਟੱਚ ਨਾ ਕਰੀ ਦੰਦ ਕਢ ਦਊਂ।' ਬਾਸਾ ਗਰਜਿਆ—

—ਨੀਚੇ ਉਤਰੋ ਸਾਲਾ।' ਸਿਪਾਹੀ ਨੂੰ ਵੀ ਗੁੱਸਾ ਆ ਗਿਆ। ਉਹ ਗੱਡੀ ਦੇ ਸਾਹਮਣੇ ਖੜਾ ਹੋ ਗਿਆ।

—ਏ ਬਾਂਦਰ, ਦੀਏ ਜਾਤੇ ਗਾਲ੍ਹ ਨਹੀ ਕਢੋਗਾ।'

ਸਿਪਾਹੀ ਅਫਸਰ ਕੋਲ ਚਲਾ ਗਿਆ। ਅਫਸਰ ਆਪਣੇ ਅਮਲੇ ਦੇ ਦੋ ਹੋਰ ਕਰਮਚਾਰੀ



Scanned by CamScanner

ਲੈ ਕੇ ਗੱਡੀ ਕੋਲ ਆ ਗਿਆ—

—ਹਮਾਰਾ ਆਦਮੀ ਕਾਗਜ਼ ਮਾਂਗਤਾ ਹੈ—ਨੀਚੇ ਉਤਰਨੇ ਕੋ ਬੋਲਤਾ ਹੈ—ਤੁਮ ਮਾਨਤਾ ਨਹੀਂ।' ਅਫਸਰ ਨੇ ਰੋਹਬ ਮਾਰਿਆ।

—ਸਾਹਬ ਹਮ ਠੀਕ ਨਹੀਂ ਹੈ।' ਬਾਬੇ ਨੇ ਲਾਚਾਰੀ ਦਿਖਾਈ।

—ਨੀਚੇ ਉਤਰੋ ਤੁਮ, ਗਾੜੀ ਬੰਦ ਕਰੋ।' ਅਫਸਰ ਆਪਣੀ ਤੌਹੀਨ ਬਰਦਾਸ਼ਤ ਨਾ ਕਰ ਸਕਿਆ।

—ਸਾਹਬ, ਬੋਲਾ ਹਮ ਠੀਕ ਨਹੀ ਹੈ।'

ਗੁੱਸੇ ਵਿਚ ਆ ਕੇ ਅਫਸਰ ਨੇ ਖਿੜਕੀ ਖੋਲ੍ਹੀ ਤਾਂ ਘਬਰਾ ਕੇ ਪਿੱਛੇ ਹੱਟ ਗਿਆ। ਬਾਬਾ ਅਲਫ ਨੰਗਾ ਸੀਟ ਤੇ ਬੈਠਾ ਸੀ।

—ਸਾਹਬ ਸਭ ਕੱਪੜਾ ਚੋਰੀ ਹੋ ਗਿਆ—।' ਉਹ ਖਚਰੀ ਤੱਕਣੀ ਅਫਸਰ ਵੱਲ ਝਾਕਿਆ।

—ਸਾਲਾ ਤੁਮ ਹਰਾਮੀ...ਭਾਗੋ ਯਹਾਂ ਸੇ...' ਅਫਸਰ ਨੇ ਜ਼ੋਰ ਨਾਲ ਖਿੜਕੀ ਬੰਦ ਕਰ ਦਿੱਤੀ। ਬਾਬੇ ਨੇ ਚਾਂਭਲ ਕੇ ਚੀਕ ਮਾਰੀ ਤੇ ਗੱਡੀ ਗੇਅਰ 'ਚ ਪਾ ਕੇ ਔਹ ਗਿਆ, ਔਹ ਗਿਆ।

..........................

ਸਾਡੇ ਕਿੱਤੇ ਦੀ ਸਖਤ ਮਿਹਨਤ, ਬੇਅਰਾਮੀ ਅਤੇ ਬੇ-ਯਕੀਨੀ ਸਾਨੂੰ ਓਪਰੇ ਹੌਸਲਿਆਂ ਦਾ ਮੁਹਤਾਜ ਬਣਾ ਦਿੰਦੀ ਹੈ। ਸਿਗਰਟਾਂ, ਬੀੜੀ, ਅਫੀਮ, ਸ਼ਰਾਬ ਤੇ ਹੋਰ ਕਿੰਨਾ ਹੀ ਕੁਝ ਸਹਾਰਾ ਦਿੰਦਾ ਹੈ। ਕਈ ਵਾਰ ਨਸ਼ੇ ਇੰਨੇ 'ਫੁੱਲ' ਹੋ ਜਾਂਦੇ ਹਨ, ਸਾਨੂੰ ਆਪਣੀ ਹੋਸ਼ ਨਹੀਂ ਰਹਿੰਦੀ। ਮੇਰੇ ਇਕ ਮਿੱਤਰ ਦੀ ਗੱਡੀ ਉਪਰ ਡਰਾਈਵਰ ਤੇ ਖਲਾਸੀ ਦੋਨੋਂ ਅਮਲੀ ਸਨ। ਜੇ ਦੂਸਰੇ ਡਰਾਈਵਰਾਂ ਨੇ ਕਲਕੱਤੇ ਤੋਂ ਦਿੱਲੀ ਦਾ ਗੇੜਾ ਲਾ ਕੇ ਅੱਠਾਂ ਦੱਸਾਂ ਦਿਨਾਂ ਵਿਚ ਆਉਣਾ ਤਾਂ ਉਹਨਾਂ ਨੇ ਪੰਜੀ ਛੇਈਂ ਦਿਨੀ ਹੀ ਮੁੜ ਆਉਣਾ। ਉਹ ਕਿਹਾ ਕਰਦੇ—'ਭਾਈ ਜਦੋਂ ਸਟੇਅਰਿੰਗ ਤੇ ਬਹਿ ਜਾਈਦਾ ਐ ਨਾ ਦਿੱਲੀ ਤਾਂ ਸਹੁਰੀ ਪੈਰੀਂ ਆ ਡਿੱਗਦੀ ਐ। ਖਾਧੀ ਹੋਵੇ ਭੋਰਾ, ਫੇਰ ਤਾਂ ਸਮੁੰਦਰ ਕਿਹੜਾ ਨਾ ਟਪਾ ਦੀਏ।' ਇਹੋ ਜੇਹੀਆਂ ਹੀ ਉਹ ਹੋਰ ਕਈ ਫੜ੍ਹਾਂ ਮਾਰਿਆ ਕਰਦੇ। ਉਂਜ ਕੰਮ ਦੇ ਉਹ ਸਿਰੜੀ ਵੀ ਬੜੇ ਸਨ। ਦੋ, ਡੇਢ ਸੌ ਮੀਲ ਉਹ ਇਕੋ ਟੱਕ ਗੱਡੀ ਚਲਾ ਲੈਂਦੇ। ਹੋਰ ਡਰਾਈਵਰ ਬੜੇ ਔਖੇ ਸਨ। ਉਹਨਾਂ ਦੇ ਮਾਲਕ ਅਮਲੀਆਂ ਦੀਆਂ ਉਦਾਹਰਣਾਂ ਦਿੰਦੇ ਮੇਹਣੇ ਮਾਰਦੇ, 'ਉਹ ਦੂਜੀ ਵੇਰ ਵੀ ਭਰ ਕੇ ਲੈ ਗਏ, ਸੋਡੋਂ ਅਜੇ ਪਹਿਲਾ ਗੇੜਾ ਵੀ ਖਾਲੀ ਨੀ ਹੋਇਆ...ਉਹ ਦੋ ਵਾਰੀ ਤਾਂ ਨੀ ਜੰਮੇ...?' ਡਰਾਈਵਰਾਂ ਦੀਆਂ ਛਾਤੀਆਂ ਚੜ੍ਹਦੀਆਂ...ਵਿਉਂਤਾਂ ਲਗਦੀਆਂ ਤੇ ਅਖੀਰ ਕਿਸੇ ਖਡਿੱਤੀ ਨੇ ਇਕ ਰਾਹ ਕੱਢ ਲਿਆ।

ਇਕ ਵੇਰ ਉਹ ਦਿੱਲੀ ਨੂੰ ਜਾ ਰਹੇ ਸਨ। ਆਸਨਸੋਲ ਪਾਰ ਕਰਕੇ ਇਕ ਹੋਟਲ ਤੇ ਉਹ ਖਾ ਪੀ ਕੇ ਸੌਂ ਗਏ। ਕਿਸੇ ਹੋਰ ਨੇ ਉਹਨਾਂ ਦੀ ਗੱਡੀ ਸਟਾਰਟ ਕੀਤੀ ਤੇ ਕਲਕੱਤੇ ਵੱਲ ਮੂੰਹ ਘੁਮਾ ਕੇ ਖੜ੍ਹੀ ਕਰ ਦਿੱਤੀ। ਦੋਵੇਂ ਅਮਲੀ ਤਿੰਨ ਕੁ ਵਜੇ ਰਾਤ ਨੂੰ ਉਠੇ। ਨਸ਼ੇ-ਪੱਤੇ ਛਕੇ ਤੇ ਗੱਡੀ 'ਚ ਆ ਬੈਠੇ, ਤੁਰ ਪਏ। ਅੱਖਾਂ 'ਚ ਨੀਂਦ, ਉਪਰੋਂ ਨਸ਼ੇ ਦਾ ਰੰਗ, ਆਪਣੇ ਭਾਣੇ ਉਹਨਾਂ ਦਿਨ ਚੜ੍ਹਦੇ ਨੂੰ ਬਿਹਾਰ ਪਾਰ ਕਰ ਜਾਣਾ ਸੀ, ਪਰ ਦਿਨ ਚੜ੍ਹਦੇ ਨੂੰ ਹਾਵੜਾ ਪੁਲ ਉਹਨਾਂ ਦੇ ਮੱਥੇ ਵਿਚ ਬਰਛੇ ਵਾਂਗ ਖੁੱਭਾ—'ਹੈ ਬਿਹਾਰ 'ਚ ਤਾਂ ਔਹੋ ਜਾ ਪੁਲ ਹੈ ਨੀ ਸੀ?'

ਔਰੋ ਪਿੱਛੇ ਵੇਖਿਆ—ਹਾਵੜਾ ਸਟੇਸ਼ਨ, ਡਰਾਈਵਰ ਨੇ ਆਪਣੇ ਆਪ ਨੂੰ ਇਕ ਗੰਦੀ



Scanned by CamScanner

ਗਾਲ੍ਹ ਕੱਢੀ ਤੇ ਖਲਾਸੀ ਦੇ ਥੱਪੜ ਮਾਰਿਆ। ਉਦੋਂ ਨੂੰ ਇਕ ਵਾਇਰਲੈਸ ਨੇ ਆ ਘੇਰਿਆ। ਚਲਾਨ ਮੰਗਿਆ—ਮਾਲ ਦਿੱਲੀ ਦਾ ਹੈ, ਤੂੰ ਕਲਕੱਤੇ ਆ ਗਿਹੈਂ। 'ਦੋ ਨੰਬਰ ਦਾ ਮਾਲ ਹੈ? ਤਰਪਾਲ ਖੋਹਲੋ।' ਡਰਾਈਵਰ ਨੇ ਬਥੇਰੀਆਂ ਮਿੰਨਤਾਂ ਕੀਤੀਆਂ—ਮਾਲਕੋ, ਰਪੀ ਲੱਗਗੀ...ਮੈਂ ਤਾਂ ਆਵਦੇ ਭਾਣੇ ਦਿੱਲੀ ਹੀ ਜਾ ਰਿਹਾ ਸਾਂ।' ਪੁਲਿਸ ਆਲਿਆਂ ਫੜਕੇ ਬੰਦ ਕਰ ਦਿੱਤਾ।

ਅਗਲੇ ਦਿਨ ਮਾਲਕ ਨੇ ਗੱਡੀ ਤਾਂ ਛੁਡਾ ਲਈ, ਪਰ ਗੁੱਸੇ ਵਿਚ ਡਰਾਈਵਰ ਨੂੰ ਨਾ ਛੁਡਾਇਆ।

ਕੁਝ ਦਿਨਾਂ ਪਿੱਛੋਂ ਡਰਾਈਵਰ ਤਾਂ ਉਹਨਾਂ ਛੱਡ ਦਿੱਤਾ—ਪਰ ਮਾਲਕ ਨੇ ਜਵਾਬ ਦੇ ਦਿੱਤਾ। ਹੁਣ ਉਹ ਨਾਲੇ ਤਾਂ ਆਪਣੀ ਬਿਰਾਦਰੀ ਵਾਲਿਆਂ ਨੂੰ ਗਾਲ੍ਹਾਂ ਕੱਢਦਾ ਫਿਰਦਾ ਹੈ, ਨਾਲੇ ਕੰਮ ਭਾਲਦਾ ਫਿਰਦਾ ਹੈ।

Scanned by CamScanner